(Punjabi)

1364
1012

1956 — 5 — P

"Dukhi-Duniya" in Gurmukhi
Govt. of the Punjab
1956

ਇਨਕਲਾਬ ਜ਼ਿੰਦਾ ਬਾਦ ॥

IMPERIAL RECORD DEPARTMENT
Regd. No.
5 SEP. 1938

# ਦੁਖੀ ਦੁਨੀਆਂ

-: ਕਿਰਤ ਕਵੀ :-

**ਕਾਮਰੇਡ ਕਰਤਾਰ ਸਿੰਘ "ਕਰਤਾਰ"**

ਪੰਡ ਹੁੰਦਾਲ ਤਹਿਸੀਲ ਚੂਨੀਆਂ,

ਜ਼ਿਲਾ ਲਾਹੌਰ।

NATIONAL ARCHIVES LIBRARY
No. 1956
Date 1-2-72
GOVT. OF INDIA

# ਇਕ ਕਿਸਾਨ ਦੀ ਹਾਲਤ

---

ਇਕ ਦਿਨ ਨਾਲ ਇਤਫ਼ਾਕ ਮੈਂ ਗਿਆ ਬਾਹਿਰ,
ਇਕ ਆਦਮੀ ਬੜਾ ਹੈਰਾਨ ਡਿਠਾ।
ਧਾਹੀਂ ਮਾਰਦਾ ਤੇ ਕੁਰਲਾਂਵਦਾ ਸੀ,
ਅਖੋਂ ਓਹਦੀਓਂ ਪਾਣੀ ਰਵਾਨ ਡਿਠਾ।
ਵਾਲ ਖੁਲ੍ਹੇ ਤੇ ਸਿਰ ਵਿਚ ਪਈ ਮਿੱਟੀ,
ਹੱਥ ਵਿਚ ਕਾਸਾ ਫੜਿਆ ਜਾਨ ਡਿਠਾ।
ਸੱਜੇ ਹੱਥ ਦੇ ਵਿਚ ਸੀ ਛੁਰਾ ਉਹ ਦੇ,
ਖ਼ੁਦ ਮਰਨ ਲਈ ਵਿਚ ਮੈਦਾਨ ਡਿਠਾ।
ਛੇਤੀ ਪਹੁੰਚ ਕੇ ਪਾਸ ਉਸ ਮਰਦ ਦੇ ਮੈਂ,
ਕਿਹਾ ਐਡਾ ਕਿਉਂ ਹੋਇਆ ਲਾਚਾਰ ਹੈਂ ਤੂੰ।
ਕੇਹੜਾ ਦੁਖ, ਤਕਲੀਫ਼ ਆ ਬਣੀ ਤੈਨੂੰ,
ਕਿਉਂ ਮਰਨ ਦੇ ਲਈ ਤਿਆਰ ਹੈਂ ਤੂੰ।
ਅਗੋਂ ਰੋਇ ਕੇ ਕਿਹਾ ਉਸ ਆਦਮੀ ਨੇ,
ਮੇਰੇ ਫੋਲਣੇ ਬੀਬਾ ਕਿਓਂ ਫੋਲਨਾ ਏਂ।
ਲਗਾ ਜ਼ਖਮ ਹੈ ਵਿਚ ਕਲੇਜੜੇ ਦੇ,
ਲੂਣ ਛਿੜਕ ਕੇ ਹੋਰ ਕਿਉਂ ਖੋਲ੍ਹਨਾ ਏਂ।
ਗੱਲ ਕਰਨ ਨੂੰ ਮੂਲ ਨਹੀਂ ਚਿਤ ਕਰਦਾ,
ਹਾਲ ਸੁਣਨ ਨੂੰ ਕਿਉਂ ਪਿਆ ਬੋਲਨਾ ਏਂ।

ਹਾਇ ! ਐਡੇ ਗਰੀਬ ਨਸੀਬ ਬਦ ਨੂੰ,
ਗੱਲਾਂ ਪੁਛਕੇ ਹੋਰ ਕਿਉਂ ਰੋਲਨਾ ਏਂ ।
ਅੱਛਾ ! ਕੰਨ ਲਾ ਸੁਣੀ ਤੂੰ ਹਾਲ ਮੇਰਾ,
ਜਿਸ ਵਾਸਤੇ ਹੋਇਆ ਹੈਰਾਨ ਹਾਂ ਮੈਂ ।
ਔਸ ਪਿੰਡ ਦੇ ਵਿਚ ਸੀ ਘਰ ਮੇਰਾ,
ਚੰਗਾ ਪੁਜਦਾ ਇਕ ਕਿਰਸਾਨ ਸਾਂ ਮੈਂ । ।
ਪਹਿਲੇ ਸਾਲ ਵਿਚ ਫਸਲ ਨਾ ਹੋਈ ਕੋਈ,
ਕਰਜ਼ਾ ਚੁਕ ਕੇ ਮੁਆਮਲਾ ਤਾਰ ਦਿੱਤਾ ।
ਅਗੂਾਂ ਹਾੜੀ ਦੀ ਲੈਕੇ ਆਸ ਦਿਲ ਵਿਚ,
ਨਾਮ ਰੱਬ ਦੇ ਬੀਜ ਖਲਾਰ ਦਿੱਤਾ ।
ਹੈਸੀ ਖ਼ਿਆਲ ਕਿ ਹਾੜੀ ਦੀ ਫਸਲ ਵਿਚੋਂ,
ਜਾਸੀ ਸ਼ਾਹ ਦਾ ਕਰਜ਼ਾ ਉਤਾਰ ਦਿੱਤਾ ।
ਦੋ ਮਾਹ ਦੀ ਬੰਦੀ ਦਾ ਹੁਕਮ ਯਕ-ਦਮ,
ਮੂੰਹੋਂ ਆਪਣੇ ਝੱਟ ਸਰਕਾਰ ਦਿੱਤਾ ।
ਆਣ ਕਹਿਰ ਹੋਇਆ ਜ਼ਿਮੀਂਦਾਰ ਉੱਤੇ,
ਮੀਂਹ ਪੈਣ ਦੀ ਕੋਈ ਨ ਆਸ ਹੋਈ ।
ਜਿੰਨੀ ਬੀਜੀ ਸੀ ਦੁੱਖਾਂ ਦੇ ਨਾਲ ਯਾਰੋ,
ਬਾਹਜ ਪਾਣੀਓਂ ਸਤਿਆ ਨਾਸ ਹੋਈ ।
ਸ਼ਾਹੂਕਾਰ, ਨੰਬਰਦਾਰ ਰਲ ਦੋਵੇਂ,
ਲੈ ਗਏ ਸਿਪਾਹੀ ਦੋ ਚਾਰ ਛੇਤੀ ।
ਦੇਹ ਮੁਆਮਲਾ ਤੇ ਕਰਜ਼ਾ ਲਾਹ ਸਿਰ ਤੋਂ,
ਮੈਂ ਆਖਿਆ, ਨਹੀਂ ਤਿਆਰ ਛੇਤੀ ।

ਹਥੀਂ ਲਾ ਹਥਕੜੀ, ਤੇ ਪਾ ਬੇੜੀ,
ਸੈਂਟਰਲ ਜੇਹਲ ਨੂੰ ਮੋੜੀ ਮੁਹਾਰ ਛੇਤੀ ।
ਘਰ ਕੁਰਕ, ਤੇ ਸਾਲ ਦੀ ਕੈਦ ਕਰ ਕੇ,
ਦਿੱਤਾ ਕੋਠੜੀ ਦਾ ਬੂਹਾ ਮਾਰ ਛੇਤੀ ।
ਪਿਛੋਂ ਨਾਰ ਸੁਧਾਰ ਪਰਲੋਕ ਗਈ,
ਧੀਆਂ ਪੁਤ ਸਾਰੇ ਕੁਰਲਾਂਵਦੇ ਰਹੇ।
ਪੁਛੇ ਕੋਈ ਨਾ ਓਹਨਾਂ ਵਿਚਾਰਿਆਂ ਨੂੰ,
ਬਿਨਾ ਰੋਟੀਓਂ, ਹਾਇ ! ਮਰ ਜਾਂਵਦੇ ਰਹੇ ।
ਸਾਲ ਕੱਟਕੇ ਜਦੋਂ ਮੈਂ ਘਰ ਆਇਆ,
ਕੁਝ ਦਿਸਦਾ ਨਾ ਸੀ ਮਕਾਨ ਦੇ ਵਿਚ ।
ਯਾਰ ਯਾਰ ਜਿਹੜੇ ਲੋਕੀਂ ਆਖਦੇ ਸਨ,
ਅਜ ਲਿਆਂਵਦੇ ਨਹੀਂ ਸਨ ਧਿਆਨ ਦੇ ਵਿਚ ।
ਹਾਇ ! ਮੇਰੇ ਨਾਦਾਨ, ਮਾਸੂਮ ਬੱਚੇ,
ਰੱਬਾ ! ਖੇਡਦੇ ਨਹੀਂ ਦਾਲਾਨ ਦੇ ਵਿਚ ।
ਖ਼ੁਦ-ਕੁਸ਼ੀ ਨੂੰ ਤਾਂਹੀਏਂ ਤਿਆਰ ਬੈਠਾ,
ਜੀ ਲੱਗਦਾ ਨਹੀਂ ਜਹਾਨ ਦੇ ਵਿਚ ।
ਢਿੱਡ ਸਾਰਿਆਂ ਦਾ ਜਿਹੜਾ ਪਾਲਦਾ ਸਾਂ,
ਅੱਜ ਰੋਟੀਓਂ ਵੀ ਅਵਾਜ਼ਾਰ ਹਾਂ ਮੈ ।
ਤੇਜ਼ ਲੈ ਕੇ ਛੁਰਾ 'ਕਰਤਾਰ' ਤਾਹੀਏਂ,
ਮਰ ਜਾਣ ਦੇ ਲਈ ਤਿਆਰ ਹਾਂ ਮੈਂ ।

—o—

# ਜ਼ੁਲਮ ਨਾ ਕਰ

ਜ਼ਾਲਮ ਜ਼ੁਲਮ ਤੋਂ ਬਾਜ਼ ਆ ਜ਼ੁਲਮ ਨ ਕਰ,
ਤੈਨੂੰ ਕੱਈ ਇਹ ਰੰਗ ਵਿਖਾਏਗਾ ਜ਼ੁਲਮ।
ਤੇਰੀਆਂ ਜੜ੍ਹਾਂ ਜਹਾਨ ਤੋਂ ਪੁਟ ਦੇਗਾ,
ਤੇਰਾ ਨਾਮੋ ਨਿਸ਼ਾਨ ਮਿਟਾਇਗਾ ਜ਼ੁਲਮ।
ਆਸਮਾਨ ਨੇ ਖਾ ਲਿਆ ਗੇੜ ਜਿਸ ਦਿਨ,
ਤੈਥੇ ਸਮਾਂ ਅਜੀਬ ਬਨਾਇਗਾ ਜ਼ੁਲਮ।
ਤੇਰੀ ਮਿਟੀ ਦੀ ਮਿਟੀ ਮਿਟਾ ਦੇਗਾ,
ਤੇਰਾ ਕੀਤਾ ਤੇਰੇ ਅਗੇ ਆਇਗਾ ਜ਼ੁਲਮ।
ਹੱਥ ਧਰ ਮੱਥੇ ਉਤੇ ਰੋਏਂਗਾ ਫਿਰ,
ਕਾਹਨੂੰ ਐਤਨਾ ਜ਼ੁਲਮ ਕਮਾਇਆ ਸੀ ਮੈਂ।
ਫੜ ਫੜ ਕਈਆਂ ਭਾਰਤ ਵਾਸੀਆਂ ਨੂੰ,
ਐਵੇਂ ਫਾਸੀਆਂ ਉਤੇ ਚੜ੍ਹਾਇਆ ਸੀ ਮੈਂ।
ਬਸ, ਠਹਿਰ ਜਾ ਅਜੇ ਵੀ ਹਈ ਵੇਲਾ,
ਜੜ੍ਹਾਂ ਆਪਣੀਆਂ ਆਪ ਉਖੇੜ ਨਾ ਤੂੰ।
ਤੇਜ਼ ਛੁਰੀ ਫੜ ਕੇ ਹੱਥੀਂ ਜ਼ੁਲਮ ਵਾਲੀ,
ਹਿੰਦ ਜਿਸਮ ਦੀ ਖੱਲ ਉਧੇੜ ਨਾ ਤੂੰ।
ਨਿਤ ਕਰ ਹਮਲੇ ਜ਼ੋਰੋ ਜਬਰ ਵਾਲੇ,
ਦੇਸ਼ ਦਰਦੀਆਂ ਤਾਈਂ ਨਬੇੜ ਨਾ ਤੂੰ।
ਖ਼ੂਨ ਕੱਢ ਕੇ ਦੇਸ਼ ਦੁਲਾਰਿਆਂ ਦਾ,
ਮਹਿੰਦੀ ਸਮਝ ਕੇ ਹੱਥ ਲਬੇੜ ਨਾ ਤੂੰ।

ਏਸ ਖ਼ੂਨ ਦੀ ਪਏਗੀ ਓਹ ਕੀਮਤ,
ਖ਼ੂਨ ਹੋਣਗੇ ਕਈ ਇਕ ਖ਼ੂਨ ਉੱਤੇ।
ਜ਼ੁਲਮੋ ਸਿਤਮ ਦੀ ਬੰਦ ਦੁਕਾਨ ਹੋਸੀ,
ਹਿੰਦੀ ਆਏ ਜਦ ਆਪਣੇ ਕਾਨੂਨ ਉੱਤੇ।
ਘੁਟ ਸਬਰ ਦੇ ਵੀ ਭਰ ਭਰ ਵੇਖ ਲੈ ਨੇ,
ਕਸਰ ਛੱਡੀ ਨਹੀਂ ਕੋਈ ਸ਼ਾਂਤ ਮਈ ਦੇ ਵਿਚ।
ਹਿੰਦੀ ਕੌਮ ਉੱਤੇ ਜਬਰ ਹੋਇਆ ਗ਼ਾਲਬ,
ਰਹੀ ਜਾਨ ਨਹੀਂ ਜੀਉਂਦੀ ਪਈ ਦੇ ਵਿਚ।
ਸਾਲ ਕੈਦ ਕੀਤਾ 'ਭੁਖੇ ਮਰ ਗਏ ਹਾਂ,'
ਸਿਰਫ ਗਲ ਏਨੀ ਮੂਹੋਂ ਕਹੀ ਦੇ ਵਿਚ।
ਪਿਛੋਂ ਸਿਰ ਇਹਸਾਨ ਇਹ ਚਾੜ੍ਹਿਆ ਏ,
ਤੁਹਾਨੂੰ ਰਖਿਆ ਜਿਹਲ ਨਈ ਦੇ ਵਿਚ।
ਜੇਕਰ ਇਨ੍ਹਾਂ ਨੂੰ ਸਮਝੀਂ ਏਹਸਾਨ ਬੈਠਾ,
ਕਿਰਪਾ ਕਰ ਤੇ ਐਹਜੇ ਇਹਸਾਨ ਨਾ ਕਰ।
ਮੂਹੋਂ ਰਾਮ ਤੇ ਬਗਲ ਵਿਚ ਛੁਰੀ ਲੈ ਕੇ,
ਹਿੰਦੀ ਵੀਰਾਂ ਨੂੰ ਲਹੂ ਲੁਹਾਨ ਨ ਕਰ।
ਤੇਜ਼ ਤੇਗ ਹੁਣ ਕਰ ਲੈ ਮਿਆਨ ਦੇ ਵਿਚ,
ਉਤੇ ਆਜਜ਼ਾਂ ਤੇਗ ਚਲਾਈ ਨਾ ਜਾ।
ਤੇਰਾ ਜ਼ੁਲਮ ਏ ਪਹੁੰਚਿਆ ਹਦ ਉਤੇ,
ਸੋਚ, ਸੰਭਲ ਹੁਣ ਜ਼ੁਲਮ ਕਮਾਈ ਨਾ ਜਾ।
ਹਿੰਦੀ ਵੀਰਾਂ ਦੀ ਕੀਤੀ ਸਫਾਈ ਨਾ ਜਾ,
ਹਿੰਦੀ ਖ਼ੂਨ ਦੇ ਵਿਚ ਨੁਹਾਈ ਨਾ ਜਾ।

ਜਿਹੜੇ ਦੇਸ਼ ਆਜ਼ਾਦੀ ਦੇ ਹੈਨ ਆਸ਼ਕ,
ਫੜ ਫੜ ਉਹਨਾਂ ਨੂੰ ਜੇਹਲਾਂ 'ਚ ਪਾਈ ਨਾ ਜਾ।
ਭੱਮਟ ਜ਼ੁਲਮ ਦੀ ਅਗ ਵਿਚ ਪੈ ਪੈ ਕੇ,
ਜਲ ਜਾਣਗੇ ਪਰ ਪਿਛਾਂ ਹਟਣਗੇ ਨ।
ਵੇਖੀਂ ਦਿਨੋ ਦਿਨ ਦੂਣ ਸਵਾਏ ਹੁੰਦੇ,
ਕਿਰਪਾ ਨਾਲ 'ਕਰਤਾਰ' ਦੀ ਘਟਣਗੇ ਨ।

—o—

# ਗਰੀਬ ਦਾ ਜੀਵਨ

ਪੁਛਨ ਵਾਲਿਆ ਪੁਛ ਨਾ ਹਾਲ ਮੇਰਾ,
ਜੀਵਨ ਯਾਦ ਆਵੇ ਸੀਨਾ ਫਟਦਾ ਏ।
ਜਿਗਰ ਫੁਟੀਆਂ ਫੁਟੀਆਂ ਹੋ ਜਾਂਦਾ,
ਅਖਾਂ ਨੀਰ ਡੋਹਲਨ ਦਿਲ ਘਟਦਾ ਏ।
ਅੱਲੇ ਫਟ ਜਾਂਦੇ ਖੁਲ ਪਲਕ ਅੰਦਰ,
ਦਰਦ ਟੋਹ ਟੋਹ ਕੇ ਮਾਸ ਕਟਦਾ ਏ।
ਲੂੰ ਲੂੰ ਵਿਚੋਂ ਠੰਡੀ ਸਾਂਸ ਨਿਕਲੇ,
ਅਜੇ ਫਲਕ ਕਚੀਚੀਆਂ ਵਟਦਾ ਏ
ਦੁਖ, ਭੁਖ, ਜ਼ਿਲਤ, ਤੰਗੀ, ਸਬਰ, ਹੌਕੇ,
ਰਹਿੰਦਾ ਇਹਨਾਂ ਦਾ ਨਿਤ ਮਿਹਮਾਨ ਹਾਂ ਮੈਂ।
ਕੁੱਲੀ, ਗੁੱਲੀ, ਜੁੱਲੀ, ਹਾਏ ਲਭਦੀ ਨਹੀਂ,
ਸਚ ਪੁਛੇ ਤਾਂ ਦੁਖਾਂ ਦੀ ਖਾਨ ਹਾਂ ਮੈਂ।

ਪਾਪੀ ਢਿਡ ਹੀ ਪੂਰਾ ਨਹੀਂ ਇਕ ਹੁੰਦਾ,
ਕਰ ਕਰ ਵੇਖ ਲਈਆਂ ਮਜ਼ਦੂਰੀਆਂ ਨੇ।
ਫੋਲੀ ਜ਼ਿਮੀਂ ਕਿ ਕਿਸਮਤ ਨੂੰ ਫਲ ਆਵੇ,
ਸਗੋਂ ਹੋਰ ਹੋ ਗਈਆਂ ਮਜਬੂਰੀਆਂ ਨੇ।
ਸਿਰ ਹਾਲੇ ਦੀਆਂ ਆਈਆਂ ਰੋਕੜਾਂ ਜੋ,
ਧੀਆਂ ਵੇਚਕੇ ਕੀਤੀਆਂ ਪੂਰੀਆਂ ਨੇ।
ਸੁੱਕਾ ਟੁਕੜਾ ਭਿਓਂ ਕੇ ਖਾ ਲੈਣਾ,
ਮੇਰੇ ਵਾਸਤੇ ਦੁਧ ਤੇ ਚੂਰੀਆਂ ਨੇ।
ਜਦੋਂ ਮੰਗਿਆ ਵੀ ਮਿਲਦਾ ਖਾਣ ਨੂੰ ਨਹੀਂ,
ਕਰਦਾ ਫਾਕਿਆਂ ਨਾਲ ਗੁਜ਼ਰਾਨ ਹਾਂ ਮੈਂ।
ਚਾਰੋਂ ਤਰਫ ਦੁਖਾਂ ਡੇਰੇ ਲਾਏ ਹੋਏ ਨੇ,
ਬੈਠਾ ਵਿਚ ਇਕ ਦੁਖੀ ਕਿਸਾਨ ਹਾਂ ਮੈਂ।
ਕਖਾਂ ਕਾਨਿਆਂ ਦੀ ਝੁਗੀ ਓਹ ਮੇਰੀ,
ਹਾਏ ਟੁਟੀਆਂ ਓਹ ਚਰਪਾਈਆਂ ਨੇ।
ਐਹ ਖਫਨ ਸਿਆਲ ਵਿਚ ਵਰਤਦਾ ਹਾਂ,
ਜਿਹਨੂੰ ਲਖਾਂ ਹੀ ਟਾਕੀਆਂ ਲਾਈਆਂ ਨੇ।
ਰਹਿਮਤ ਹੋਵੇ ਤੇ ਬਰਸੇ ਜੇ ਅਬਰ ਬਾਰਾਂ,
ਭਿਜ ਜਾਂਦੀਆਂ ਲੇਫ ਤੁਲਾਈਆਂ ਨੇ।
ਵਗੇ ਠੱਕਾ ਹਨੇਰੀਆਂ ਔਣ ਜਿਸ ਦਮ,
ਹੋ ਜਾਂਦੀਆਂ ਸਭ ਸਫਾਈਆਂ ਨੇ।
ਮੈਥੇ ਨਿਤ ਆਇਆ ਇਨਕਲਾਬ ਰਹਿੰਦਾ,
ਆਇਆ ਜਦੋਂ ਦਾ ਵਿਚ ਜਹਾਨ ਹਾਂ ਮੈਂ।

ਡਿਠਾ ਸੁਖ ਨਾ ਆਪਨੀ ਜ਼ਿੰਦਗੀ ਵਿਚ,
ਫੜ ਕੇ ਹਾਵਿਆਂ ਕੀਤਾ ਵੀਰਾਨ ਹਾਂ ਮੈਂ।
ਘਰੀਂ ਲੋਕਾਂ ਦੇ ਹੋਨ ਦੀਵਾਲੀਆਂ ਨਿਤ,
ਮੇਰੇ ਵਾਸਤੇ ਆਈਆਂ ਦੀਵਾਲੀਆਂ ਨਹੀਂ।
ਸਾਰੇ ਜਗ ਜਹਾਨ ਤੇ ਸ਼ਾਦੀਆਂ ਨੇ,
ਮੇਰੇ ਲਈ ਰਸਮਾਂ ਸ਼ਾਦੀ ਵਾਲੀਆਂ ਨਹੀਂ।
ਗੋਰੇ ਮੂੰਹ ਵਾਲੇ ਠੁਕਰਾਈ ਜਾਂਦੇ,
ਤਰਸ ਕਰਦੀਆਂ ਹਸਤੀਆਂ ਕਾਲੀਆਂ ਨਹੀਂ।
ਬਦ ਨਸੀਬ ਤੋਂ ਸਾਰੇ ਹੀ ਕਰਨ ਨਫਰਤ,
ਨਜ਼ਰਾਂ ਮਿਹਰ ਦੀਆਂ ਕਿਸੇ ਡਾਲੀਆਂ ਨਹੀਂ।
ਪੈਦਾ ਜਦੋਂ ਦਾ ਹੋਇਆ ਜਹਾਨ ਅੰਦਰ,
ਹੋਇਆ ਦੁਖਾਂ ਨੂੰ ਓਦੋਂ ਦਾ ਦਾਨ ਹਾਂ ਮੈਂ।
ਨਵੇਂ ਸੂਰਜ "ਕਰਤਾਰ" ਮੁਸੀਬਤਾਂ ਦੇ,
ਦਿੰਦਾ ਨਿਤ ਰਹਿੰਦਾ ਇਮਤਿਹਾਨ ਹਾਂ ਮੈਂ।

---

## ਹੈ ਗ਼ੁਲਾਮੀ ਦੇ ਜੀਵਨ ਤੋਂ ਮਰਨ ਚੰਗਾ

ਕਹਿੰਦੇ ਕੁਲ ਆਜ਼ਾਦੀ ਪਸੰਦ ਲੋਕੀ,
ਕਿ ਗੁਲਾਮਾਂ ਦੇ ਜੀਵਨ ਦਾ ਧਰਮ ਕੀ ਏ।
ਕਿਸੇ ਖਸਮ ਅਗੇ ਜਿਨਾਂ ਹੱਥ ਕਰਨੇ,
ਇਜ਼ਤ ਆਬਰੂ ਓਹਨਾਂ ਦੀ ਸ਼ਰਮ ਕੀ ਏ।
ਜਦੋਂ ਗ਼ੈਰ ਹੀ ਸਮਝਦਾ ਨਹੀਂ ਇਜ਼ਤ,
ਰਖੇ ਵੁਕੱਤ ਫਿਰ ਸਤਰ ਤੇ ਹਰਮ ਕੀ ਏ।

ਇਜ਼ਤ ਵੇਚ ਜੋ ਕਿਸੇ ਦੀ ਕਰਨ ਇਜ਼ਤ,
ਫ਼ਿਰ ਸਰਦਾਰੀ ਨਵਾਬੀ ਚਿ ਭਰਮ ਕੀ ਏ।
ਚਾਰੇ ਬੰਨੇ ਹੈ ਲੋੜ ਜੇ ਜ਼ਿੰਦਗੀ ਦੀ,
ਜਾਕੇ ਹਬਸ਼ੀਆਂ ਦਾ ਪਾਨੀ ਭਰਨ ਚੰਗਾ।
ਕੇਈ ਮਰਨ ਵਾਲੇ ਸਾਫ਼ ਆਖ ਗਏ ਨੇ,
ਹੈ ਗ਼ੁਲਾਮੀ ਦੇ ਜੀਵਨ ਤੋਂ ਮਰਨ ਚੰਗਾ।
ਕੋਲ ਇਕ ਗੁਲਾਮ ਦਾ ਖਲਾ ਹੋਣਾ,
ਦੁਨੀਆਂ ਵਾਲੇ ਸਹਾਰ ਨਾ ਸਕਦੇ ਨੇ।
ਬਚੇ ਗੈਰਾਂ ਦੇ ਵੇਖਨ ਗੁਲਾਮ ਜਾਂਦਾ,
ਤਾਂ ਹਕਾਰਤ ਦੀ ਨਿਗਾਹ ਨਾਲ ਤਕਦੇ ਨੇ।
ਵੇਖ ਲਵੇ ਜੇ ਮਾਰੀ ਦਾ ਓਹਨਾਂ ਵਲੇ,
"ਡੈਮ ਫੂਲ ਕਹਿੰਦੇ" ਨਹੀਂ ਜਕਦੇ ਨੇ।
ਸਾਈਆਂ ਬਾਝ ਤਰੱਟੀਆਂ ਚੌੜ ਹੋਵਨ,
ਚੌੜ ਹੋਈਆਂ ਵੀ ਕੁਤੇ ਪਏ ਲਕਦੇ ਨੇ।
ਜੋ ਗੁਲਾਮੀ ਦੀ ਜ਼ਿੰਦਗੀ ਬਸਰ ਕਰਦੇ,
ਆਤਮ ਘਾਤ ਹੈ ਉਹਨਾਂ ਲਈ ਕਰਨ ਚੰਗਾ।
ਭੰਗੀ ਪੋਸਤੀ ਓਧਰ ਪਏ ਆਖਦੇ ਨੇ,
ਹੈ ਗੁਲਾਮੀ ਦੇ ਜੀਵਨ ਤੋਂ ਮਰਨ ਚੰਗਾ।
ਜਾਏ ਬਾਹਰ ਜੇ ਕਿਤੇ ਗੁਲਾਮ ਬੰਦਾ,
ਆਕੇ ਮੂੰਹ ਉਤੇ ਸਾਰੇ ਥੁਕਦੇ ਨੇ।
ਸ਼ਕਲ ਵੇਖਨੀ ਏਸ ਦੀ ਆਪ ਸਮਝਨ,
ਅਤੇ ਝਿੜਕਨੋਂ ਕਦੀ ਨਾ ਰੁਕਦੇ ਨੇ।

ਕੋਲ ਆਪਨੇ ਕੋਈ ਨਹੀਂ ਬਹਿਨ ਦਿੰਦਾ,
ਨਫਰਤ ਕਰਨ ਤੇ ਨੇੜੇ ਨ ਢੁਕਦੇ ਨੇ।
ਮਰੇ ਬਾਹਰ ਤਾਂ ਕਦੇ ਆਜ਼ਾਦ ਲੋਕੀ,
ਨਹੀਂ ਜਨਾਜ਼ਾ ਗੁਲਾਮ ਦਾ ਚੁਕਦੇ ਨੇ।
ਇਹੋ ਜੇਹੀ ਗੁਲਾਮੀ ਦੀ ਜ਼ਿੰਦਗੀ ਤੋਂ,
ਯਾਰੋ ਕਸ਼ਟ ਹੈ ਸੂਲੀ ਦਾ ਜਰਨ ਚੰਗਾ।
ਜੇਹੜੇ ਸੜੇ ਨੇ ਸਤਲੁਜ ਤੇ ਆਖ ਗਏ ਨੇ,
ਹੈ ਗੁਲਾਮੀ ਦੇ ਜੀਵਨ ਤੋਂ ਮਰਨ ਚੰਗਾ।
ਸਾਰੀ ਦੁਨੀਆਂ ਹਿੰਦੀਆ ਸਮਝਦੀ ਏ,
ਬੇ ਅਨਖ ਅਤੇ ਬੇ ਸ਼ਊਰ ਤੈਨੂੰ।
ਜਿਹੜਾ ਆਂਵਦਾ ਏ ਸੋਈਓ ਝਿੜਕਦਾ ਏ,
ਅਖੀਂ ਕਢਕੇ ਤੇ ਘੂਰ ਘੂਰ ਤੈਨੂੰ।
ਬਹਿਰੀ ਬੱਰਰੀ ਵਖਾਕੇ ਤਾਕਤਾਂ ਨੂੰ,
ਕੋਈ ਕਰ ਰਿਹਾ ਵੇਖ ਮਜਬੂਰ ਤੈਨੂੰ।
ਦਸੇ ਗਨਾਂ ਮਸ਼ੀਨਾਂ ਦੇ ਰੋਹਬ ਕੋਈ,
ਸਤਾਂ ਬਹਿਰਾਂ ਤੋਂ ਬੈਠਾ ਈ ਦੂਰ ਤੈਨੂੰ।
ਜੇਕਰ ਏਦਾਂ ਹੀ ਜੀਵਨ ਬਤੀਤ ਹੋਨਾ,
ਇਸ ਤੋਂ ਮੌਤ ਲਾੜੀ ਤਾਈਂ ਵਰਨ ਚੰਗਾ।
ਹੁਣ "ਕਰਤਾਰ" ਕਰ ਖਾਤਮਾ ਜ਼ਿੰਦਗੀ ਦਾ,
ਹੈ ਗੁਲਾਮੀ ਦੇ ਜੀਵਨ ਤੋਂ ਮਰਨ ਚੰਗਾ।

—— o ——

# ਜਦ ਤਕ ਜਾਗਦੇ ਸੀ ਕਿਸਾਨ ਕਿਰਤੀ

ਨਹੀਂ ਨਜ਼ਰ ਸ਼ੁਆਏ ਅਮੀਦ ਆਈ,
ਚਾਰੋਂ ਤਰਫ ਕਈ ਟਕਰਾਂ ਮਾਰ ਬੈਠੇ।
ਦਰਦ ਦੇਸ ਸੰਦਾ ਲੈਕੇ ਦਿਲ ਅੰਦਰ,
ਕੈਦ ਕਫਸ ਅੰਦਰ ਕਈ ਹਜ਼ਾਰ ਬੈਠੇ।
ਕਈ ਵਾਰ ਸੜ ਸੜ ਅੰਡੇਮਾਨ ਅੰਦਰ,
ਹੀਰੇ ਦੇਸ਼ ਦੇ ਜਾਨ ਨਸਾਰ ਬੈਠੇ।
ਕਈ ਵਤਨ ਆਜ਼ਾਦ ਕਰਾਨ ਖਾਤਰ,
"ਭਗਤ" ਸੂਲੀ ਤੇ ਹੋ ਅਸਵਾਰ ਬੈਠੇ।
ਇਹ ਕੁਰਬਾਨੀਆਂ ਤਾਂ ਬਿਰਥਾ ਜਾਨੀਆਂ ਨਹੀਂ,
ਪਰ ਅਜੇ ਨੀਂਦ ਵਿਚ ਹੈਨ ਗਲਤਾਨ ਕਿਰਤੀ।
ਮੁਸ਼ਕਲ ਦਿਸਦਾਏ ਹਿੰਦ ਆਜ਼ਾਦ ਤਦ ਤਕ,
ਜਦ ਤਕ ਜਾਗਦੇ ਨਹੀਂ ਕਿਸਾਨ ਕਿਰਤੀ।
ਪਿਆਰੇ ਦੇਸ ਦੀ ਇਕ ਸੁਤੰਤਰਤਾ ਲਈ,
ਸੀਸ ਵਾਰ ਅਪਨਾ ਕਈ ਪਾਕ ਹੋ ਗਏ।
ਪਿਆਰੇ ਵਤਨ ਮਾਸ਼ੂਕ ਦੇ ਇਸ਼ਕ ਅੰਦਰ,
ਜ਼ੁਲਮ ਸਹਿਨ ਵਿਚ ਕਈ ਤਾਂ ਤਾਕ ਹੋ ਗਏ।
ਹਾਸਲ ਕਰਨ ਲਈ ਖੁਸ਼ੀ ਮਾਹਬੂਬ ਦੀ ਕਈ,
ਉਸਦੇ ਕਦਮਾਂ ਦੇ ਵਿਚ ਹਲਾਕ ਹੋ ਗਏ।
ਕੀ ਕੀ ਦਸਾਂ ਹਾਏ ਓ ਦਸਿਆ ਜਾਂਵਦਾ ਨਹੀਂ,
ਜਿਹੜੇ ਵਤਨ ਦੀ ਖਾਕ ਵਿਚ ਖਾਕ ਹੋ ਗਏ।

ਰੰਗ ਲਿਆਵੇਗਾ ਅਸਰ ਕੁਰਬਾਨੀਆਂ ਦਾ,
ਆਏ ਹੋਸ਼ ਵਿਚ ਜਦ ਨੌਜਵਾਨ ਕਿਰਤੀ।
ਮੁਸ਼ਕਲ ਦਿਸਦਾਏ ਹਿੰਦ ਆਜ਼ਾਦ ਤਦ ਤਕ,
ਜਦ ਤਕ ਜਾਗਦੇ ਨਹੀਂ ਕਿਸਾਨ ਕਿਰਤੀ।
ਕਈ ਦੇਸ਼ ਦਰਦੀ ਹਾਏ ਦੇਸ਼ ਵਿਚੋਂ,
ਨਾਲ ਜ਼ਬਰ ਦਸਤੀ ਕੀਤੇ ਬਾਹਰ ਗਏ।
ਗੋਲੀ ਕਿਸੇ ਦੀ ਨਾਲ ਕਿਸੇ ਘਾਟ ਉਤੇ,
ਸੂਰੇ ਵਤਨ ਦੇ ਹੋ ਸ਼ਿਕਾਰ ਗਏ।
ਖਾਤਰ ਦੇਸ਼ ਦੀ ਗਏ ਜੋ ਜੇਹਲ ਅੰਦਰ,
ਫਿਰ ਜਨਾਜ਼ੇ ਹੀ ਓਹਨਾਂ ਦੇ ਬਾਹਰ ਗਏ।
ਸ਼ਮਾ ਵਤਨ ਦੇ ਕਈ ਪਤੰਗ ਐ ਪਰ,
ਸੜਕੇ ਸ਼ਮਾਂ ਤੋਂ ਜਾਨ ਨਸਾਰ ਗਏ।
ਓਨਾਂ ਚਿਰ ਏਹ ਪਿਨਹਾਂ ਕੁਰਬਾਨੀਆਂ ਨੇ,
ਜਿਨਾਂ ਚਿਰ ਘੁਰਾੜੇ ਲਗਾਨ ਕਿਰਤੀ।
ਮੁਸ਼ਕਲ ਦਿਸਦਾਏ ਹਿੰਦ ਆਜ਼ਾਦ ਤਦ ਤਕ,
ਜਦ ਤਕ ਜਾਗਦੇ ਨਹੀਂ ਕਿਸਾਨ ਕਿਰਤੀ।
ਕਈ ਅਜੇ ਤਕ ਬੰਦ ਕਫਸ ਅੰਦਰ,
ਰਖ ਰਖ ਭੁਖਿਆਂ ਹੈਂ ਬੇਜਾਨ ਕੀਤੇ।
ਦੋਸ਼ ਜਿਨਾਂ ਦਾ ਰਤੀ ਰਵਾਲ ਨਹੀਂ ਸੀ,
ਛਾਤੀ ਓਹਨਾਂ ਦੀ ਵਿਚ ਨਸ਼ਾਨ ਕੀਤੇ।
ਅਜੇ ਤਕ ਨਾ ਉਹਨਾਂ ਦਾ ਖਾਬ ਆਇਆ,
ਮੁਲਕੋ ਬਦਰ ਜੋ ਹਿੰਦੀ ਜਵਾਨ ਕੀਤੇ।

ਇਕ ਦੇਵੀ ਆਜ਼ਾਦੀ ਦੀ ਵਿਔਹਨ ਖਾਤਰ,
ਨੌਜਵਾਨ ਐਨੇ ਬਲੀਦਾਨ ਕੀਤੇ।
ਜਦੋਂ ਖ਼ੂਨ ਸ਼ਹੀਦਾਂ ਦਾ ਜੋਸ਼ ਖਾਂਦਾ,
ਓਦੋਂ ਹੋਸ਼ ਦੇ ਵਿਚ ਆ ਜਾਨ ਕਿਰਤੀ।
ਓਨਾਂ ਚਿਰ 'ਕਰਤਾਰ' ਸਭ ਮੁਸ਼ਕਲਾਂ ਨੇ,
ਜਦ ਤਕ ਜਾਗਦੇ ਨਹੀਂ ਕਿਸਾਨ ਕਿਰਤੀ।

—o—

## ਕਿਰਤੀ ਖਰਚਾਂ ਦੇ ਭਾਰਾਂ ਦਬਾਏ ਹੋਏ ਨੇ

ਐਸੀ ਜ਼ਿੰਦਗੀ ਤੋਂ ਮੌਤ ਬਹੁਤ ਚੰਗੀ,
ਆਵੇ ਸੁਖ ਦਾ ਇਕ ਸਾਹ ਵੀ ਨਾਂ।
ਦਿਨ ਤੇ ਸ਼ਾਮ ਤੀਕਰ ਹਾਏ ਖ਼ੂਨ ਡੋਹਲਾਂ,
ਫਿਰ ਅਫਸੋਸ ਕਿ ਹੁੰਦਾ ਨਿਬਾਹ ਵੀ ਨਾਂ।
ਕਿਸ਼ਤ ਬੰਕ ਦੀ ਓਧਰੋਂ ਸਿਰ ਆਈ,
ਗਲੋਂ ਮਾਮਲੇ ਦਾ ਲਥਾ ਫਾਹ ਵੀ ਨਾਂ।
ਹਾਏ ਅਫਸੋਸ ਕਿ ਨਹਿਰਾਂ ਵੀ ਬੰਦ ਹੋਇਆਂ,
ਪੈਦਾ ਖੇਤ ਵਿਚੋਂ ਹੁੰਦੀ ਸਵਾਹ ਵੀ ਨਾਂ।
ਇਕ ਡੰਗ ਦਾ ਵੀ ਘਰ ਖਾਨ ਨੂੰ ਨਹੀਂ,
ਸਾਹ ਨਕ ਤੇ ਅਸਾਂ ਦੇ ਆਏ ਹੋਏ ਨੇ।
ਕੀ ਕਰੀਏ ਨਹੀਂ ਕੋਈ ਪੇਸ਼ ਜਾਂਦੀ,
ਕਿਰਤੀ ਖਰਚਾਂ ਦੇ ਭਾਰਾਂ ਦਬਾਏ ਹੋਏ ਨੇ।

ਜ਼ਿਮੀਦਾਰ ਹੈ ਇਕ ਜੋ ਵਿਚ ਦੁਨੀਆਂ,
ਢਿਡ ਸਾਰਿਆਂ ਦਾ ਕਲਾ ਪਾਲਦਾ ਏ,
ਬਾਹਰ ਮਿਟੀ ਦੇ ਨਾਲ ਹੋ ਜਾਏ ਮਿਟੀ,
ਸਿਰ ਅਪਨੇ ਤੇ ਜਫਰ ਜਾਲਦਾ ਏ।
ਹਲ ਵਾਹਕੇ ਤੇ ਫੇਰ ਪਾਏ ਪਠੇ,
ਛਾਪੇ ਵਢਕੇ ਤੇ ਖਾਲ ਖਾਲਦਾ ਏ।
ਹੈ ਅਫਸੋਸ ਕਿ ਫੇਰ ਨਾ ਮਿਲੇ ਰੋਟੀ,
ਯਾਰੋ ਇਹ ਅਸੂਲ ਕਮਾਲਦਾ ਏ।
ਘਰ ਲੂਣ ਨੂੰ ਤਾਂ ਪੈਸਾ ਲਭਦਾ ਨਹੀਂ,
ਉਤੋਂ ਮੁਆਮਲੇ ਐਨੇ ਵਧਾਏ ਹੋਏ ਨੇ।
ਕੀਹ ਕਰੀਏ ਨਹੀਂ ਕੋਈ ਪੇਸ਼ ਜਾਂਦੀ,
ਕਿਰਤੀ ਖਰਚਾਂ ਦੇ ਭਾਰਾਂ ਦਬਾਏ ਹੋਏ ਨੇ।
ਚਟਨੀ ਗੰਡਿਆਂ ਦੀ ਮਿੱਸੀ ਖਾ ਗੁਲੀ,
ਘੁਟ ਲਸੀ ਦਾ ਭਰ ਗੁਜ਼ਰਾਨ ਕਰਨਾ।
ਬਿਨਾਂ ਲੂਣ ਤੋਂ ਮਿਲ ਜਾਏ ਸਾਗ ਜਿਸ ਦਿਨ,
ਬੜਾ ਆਪਣੀ ਕਿਸਮਤ ਦਾ ਮਾਨ ਕਰਨਾ।
ਨਾ ਉਮੀਦ ਹੋਵਾਂ ਜਦੋਂ ਸਭ ਵਲੋਂ,
ਛੋਲੇ ਚਬਕੇ ਝਟ ਲੰਘਾਨ ਕਰਨਾ।
ਬਿਲ ਫਰਜ਼ ਜੇ ਓਹ ਵੀ ਨਾ ਹਥ ਆਵਨ,
ਰਹਿਕੇ ਭੁਖਿਆਂ ਸ਼ੁਕਰ ਭਗਵਾਨ ਕਰਨਾ।
ਮੇਰੀ ਜ਼ਿੰਦਗੀ ਦਾ ਪਰੋਗਰਾਮ ਹੈ ਇਹ, ।
ਲੈਣ ਮੁਆਮਲਾ ਪੁਲਸੀਏ ਆਏ ਹੋਏ ਨੇ।

ਕੀ ਕਰੀਏ ਨਹੀਂ ਕੋਈ ਪੇਸ਼ ਜਾਂਦੀ,
ਕਿਰਤੀ ਖਰਚਾਂ ਦੇ ਭਾਰਾਂ ਦਬਾਏ ਹੋਏ ਨੇ।
ਉਠੋ ਕਿਰਤੀਓ ਹੋਸ਼ ਨੂੰ ਹਥ ਮਾਰੋ,
ਏਸ ਨੀਂਦ ਤੋਂ ਹੁਨ ਤਾਂ ਬੇਦਾਰ ਹੋ ਜਾਓ।
ਕਰੋ ਆਪਨੇ ਦਿਲਾਂ ਵਿਚ ਅਣਖ ਪੈਦਾ,
ਬੀਰ ਬਾਂਕਿਓ ਜ਼ਰਾ ਹੁਸ਼ਿਆਰ ਹੋ ਜਾਓ।
ਗੈਰ ਦੇਸ਼ ਨੇ ਤੁਸਾਂ ਨੂੰ ਲੁਟ ਖਾਦਾ,
ਉਚੀ ਮਾਰ ਨਾਹਰਾ ਬੇ ਮੁਹਾਰ ਹੋ ਜਾਓ।
ਜੇਕਰ ਮੁਆਮਲਾ ਨਾ ਸਾਰਾ ਸਾਫ ਹੋਵੇ,
ਜੇਹਲ ਜਾਣ ਨੂੰ ਬਿਲਕੁਲ ਤਿਆਰ ਹੋ ਜਾਓ।
ਭਾਰਤ ਵਰਸ਼ ਦੇ ਹੋਕੇ ਰਹਿਨ ਵਾਲੇ,
ਕਿਓਂ ਭਾਰ ਗੁਲਾਮੀ ਦੇ ਚਾਏ ਹੋਏ ਨੇ।
ਮਾਰੋ ਹਮਲਾ ਆਸ "ਕਰਤਾਰ" ਦੀ ਤੇ,
ਕਿਰਤੀ ਖਰਚਾਂ ਦੇ ਭਾਰਾਂ ਦਬਾਏ ਹੋਏ ਨੇ।

—o—

## ਜੋਬਨ ਖਾਕ ਵਿਚ ਤੇਰਾ ਮਲਾ ਦਿਆਂਗੇ

ਹੇ ਹਤਿਆਰਿਆ ਜ਼ੁਲਮ ਦੀ ਹਦ ਹੋ ਗਈ,
ਵੇਖ ਅਸੀਂ ਵੀ ਓਸਦੇ ਜੀ ਹਾਂ ਵੇ।
ਟੁਕੜੇ ਟੁਕੜੇ ਕਰ ਜਿਗਰ ਦੇ ਨਿਤ ਖਾਈਏ,
ਖੂਨ ਜਿਗਰ ਦਾ ਨਾਲ ਰਹੇ ਪੀ ਹਾਂ ਵੇ।

ਨਾਲ ਜਬਰ ਤੂੰ ਸੀਨੇ ਤੇ ਫਟ ਕਰਨਾਇ,
ਨਾਲ ਸਬਰ ਅਸੀਂ ਲੈਂਦੇ ਸੀ ਹਾਂ ਵੇ।
ਤੇਰੇ ਜ਼ੁਲਮ ਦੇ ਅਸੀਂ ਮੁਕਾਬਲੇ ਵਿਚ,
ਸ਼ਾਂਤਮਈ ਦਾ ਬੀਜ ਰਹੇ ਬੀ ਹਾਂ ਵੇ।
ਜਦੋਂ ਅੱਕ ਬੈਠੇ ਤੇਰੀਆਂ ਕੀਤੀਆਂ ਤੋਂ,
ਅਸੀਂ ਹੇਠਲੀ ਉਤੇ ਲਿਆ ਦਿਆਂਗੇ।
ਤੇਰਾ ਮੂੰਹ "ਕਰਤਾਰ" ਪਏ ਵੇਖਦੇ ਹਾਂ,
ਜੋਬਨ ਖਾਕ ਵਿਚ ਤੇਰਾ ਮਲਾ ਦਿਆਂ ਗੇ।
ਤੇਰੇ ਵੇਖ ਲੈ ਨਾਜ਼ ਉਠਾ ਰਹੇ ਹਾਂ,
ਅਤੇ ਬਨੇ ਹੋਏ ਹਾਂ ਖਿਦਮਤਗਾਰ ਤੇਰੇ।
ਤੇਰੇ ਪੈਰ ਫੜ ਫੜ ਜ਼ਾਲਮ ਚੁੰਮਦੇ ਹਾਂ,
ਹਥ ਜੋੜਦੇ ਹਾਂ ਵਫਾਦਾਰ ਤੇਰੇ।
ਸੰਗਦਿਲ ਹੋਕੇ ਤੂੰ ਠੁਕਰਾ ਦੇਨਾਏਂ,
ਕਰਦੇ ਜਦੋਂ ਫਿਰਯਾਦ ਗਮਖਾਰ ਤੇਰੇ।
ਤੇਰੇ ਦਿਲ ਤੇ ਕਦੇ ਕੀ ਅਸਰ ਹੋਇਆ,
ਤਰਲੇ ਕਢ ਬੈਠੇ ਕਈ ਵਾਰ ਤੇਰੇ।
ਸਚੇ ਹਾਂ ਆਸ਼ਕ ਜਦੋਂ ਤੰਗ ਆ ਗਏ,
ਤਾਂ ਫਿਰ ਅਗ ਅਸਮਾਨ ਨੂੰ ਲਾ ਦਿਆਂਗੇ।
ਨਾਹਰਾ ਹਾਅ ਦਾ ਮਾਰ 'ਕਰਤਾਰ' ਇਕਾ,
ਜੋਬਨ ਖਾਕ ਵਿਚ ਤੇਰਾ ਮਿਲਾ ਦਿਆਂਗੇ।

---o---

ਅਸੀਂ ਜਦੋਂ ਵੀ ਹਾਜ਼ਰ ਹਜ਼ੂਰ ਹੋਈਏ,
ਹਾਏ ਵੇਖਨਾਏਂ ਪਾ ਪਾ ਘੂਰੀਆਂ ਤੂੰ।
ਨਹੀਂ ਕਦੇ ਵੀ ਹਸ ਬਲਾਇਆ ਸਾਨੂੰ,
ਕਰੇਂ ਬੇ ਪਨਾਹ ਮਗਰੂਰੀਆ ਤੂੰ।
ਤੇਰਾ ਹੁਕਮ ਤਾਂ ਮੰਨਦੇ ਸਿਰ ਮਥੇ,
ਫਿਰ ਵੀ ਕਰਨਾਂ ਏਂ ਬੇ ਦਸਤੂਰੀਆਂ ਤੂੰ।
ਅਸਾਂ ਕਦੇ ਨੀ ਅਲਫ ਤੋਂ ਬੇ ਕਿਹਿਆ,
ਦੇਵੇਂ ਤੰਗੀਆਂ ਚਾਹੇ ਮਜਬੂਰੀਆਂ ਤੂੰ।
ਰਿਹੋਂ ਵਰਤਦਾ ਬੇ ਇਨਸਾਫੀਆਂ ਜੇ,
ਜੜਾਂ ਤੇਰੀਆਂ ਫੜਕੇ ਹਲਾ ਦਿਆਂਗੇ।
ਕਰਦਾ ਰਿਹੋਂ "ਕਰਤਾਰ" ਮਗਰੂਰੀਆਂ ਜੇ,
ਜੋਬਨ ਖਾਕ ਵਿਚ ਤੇਰਾ ਮਿਲਾ ਦਿਆਂਗੇ।
ਸਚੇ ਅਸੀਂ ਆਸ਼ਕ ਸੂਲੀ ਚੜਕੇ ਵੀ,
ਐਨਲ ਹਕ ਦਾ ਗੀਤ ਹਾਂ ਗੌਣ ਵਾਲੇ।
ਤੇਰਾ ਇਕ ਪਸੀਨੇ ਦਾ ਬਹੇ ਕਤਰਾ,
ਖੂਨ ਆਪਨਾ ਓਥੇਂ ਵਗੌਣ ਵਾਲੇ।
ਗਹਿਰੀ ਅਖ ਨਾਲ ਤਕਿਆ ਜਿਸ ਤੈਨੂੰ,
ਬਨੇ ਓਸਨੂੰ ਮਾਰ ਮਕੌਣ ਵਾਲੇ।
ਤੂੰ ਕਦਰ ਨ ਜ਼ਾਲਮਾਂ ਮੂਲ ਜਾਨੀ,
ਤੇਰੇ ਬਨੇ ਰਹੇ ਨਾਜ਼ ਉਠੌਣ ਵਾਲੇ।
ਕਰਨਾਏਂ ਮਾਨ ਗੁਮਾਨ ਜੋ ਤਾਕਤਾ ਦਾ,
ਇਸਦਾ ਨਾਮੋ ਨਿਸ਼ਾਨ ਮਿਟਾ ਦਿਆਂਗੇ।

ਕਰਦੇ ਰਹੇ ਹਾਂ ਤਰਸ 'ਕਰਤਾਰ' ਹੁਨ ਤਕ,
ਜੋਬਨ ਖਾਕ ਵਿਚ ਤੇਰਾ ਮਿਲਾ ਦਿਆਂਗੇ ।

—o—

## ਅੰਤ ਹੋਵੇਗਾ ਵਤਨ ਆਜ਼ਾਦ ਸਾਡਾ

ਸਾਡਾ ਕਿਸੇ ਦੇ ਨਾਲ ਨਹੀਂ ਵੈਰ ਬਿਲਕੁਲ,
ਅਸੀਂ ਵਤਨ ਆਜ਼ਾਦ ਕਰਵਾਵਨਾ ਹੈ।
ਅਸੀਂ ਸੰਗਲ ਗੁਲਾਮੀ ਦੇ ਲੌਹਨ ਖਾਤਰ,
ਜੰਗ ਸ਼ਾਂਤਮਈ ਖੂਬ ਮਚਾਵਨਾ ਹੈ।
ਇਸ ਦੀ ਸ਼ਾਨ ਲਈ ਜਾਨ ਕੁਰਬਾਨ ਕਰਨੀ,
ਵਿਚ ਜੇਹਲਾਂ ਦੇ ਹਸ ਹਸ ਜਾਵਨਾ ਹੈ।
ਹਾਸਲ ਕਰਨ ਲਈ ਇਕ ਸਵਤੰਤਰਤਾ ਨੂੰ,
ਰਸਾ ਚੁੰਮ ਕੇ ਗਲ ਵਿਚ ਪਾਵਨਾ ਹੈ।
ਹਾਸਲ ਕਰਨ ਲਈ ਏਸ ਆਜ਼ਾਦੀ ਨੂੰ ਹੀ,
ਹੋਇਆ 'ਭਗਤ' ਜਿਤਇੰਦਰ ਬਰਬਾਦ ਸਾਡਾ।
ਖਾਕੇ ਕਸਮ ਸ਼ਹੀਦਾਂ ਦੀ ਆਖਦਾ ਹਾਂ,
ਅੰਤ ਹੋਵੇਗਾ ਵਤਨ ਆਜ਼ਾਦ ਸਾਡਾ।
ਐਬੇਸੀਨੀਆਂ ਵਾਲਿਆਂ ਹਬਸ਼ੀਆਂ ਨੇ,
ਹੈ ਗੁਲਾਮੀ ਤੋਂ ਮਰਨਾ ਕਬੂਲ ਕੀਤਾ।
ਆਇਰਲੈਂਡ ਨੇ ਏਸੇ ਬਰਤਾਨੀਆਂ ਤੋਂ,
ਸੀਸ ਵਾਰ ਕੇ ਵਤਨ ਵਸੂਲ ਕੀਤਾ।

ਚੀਨ ਵਾਲਿਆਂ ਐਧਰ ਗੁਲਾਮ ਹੋਕੇ,
ਜ਼ਿੰਦਾ ਰਹਿਨਾ ਮਨਜ਼ੂਰ ਨਾ ਮੂਲ ਕੀਤਾ।
ਸਾਡਾ ਦੇਸ਼ ਹੁਨ ਅਗਾਂ ਨੂੰ ਚਾਹੀਦਾਏ,
ਸਾਬੇ ਅਰਸੇ ਤੋਂ ਗੈਰਾਂ ਨੇ ਰੂਲ ਕੀਤਾ।
ਅਸੀਂ ਹਾਸਲ ਆਜ਼ਾਦੀ ਨੂੰ ਕਰਾਂਗੇ ਹੁਨ,
ਏਸ ਗਲ ਦਾ ਖ਼ੂਨ ਹੈ ਸ਼ਾਹਦ ਸਾਡਾ।
ਸੀਸ ਭੇਂਟ ਆਜ਼ਾਦੀ ਦੇ ਕਰ ਜਾਂਗੇ,
ਅੰਤ ਹੋਵੇਗਾ ਵਤਨ ਆਜ਼ਾਦ ਸਾਡਾ।
ਇਕ ਦੇਵੀ ਆਜ਼ਾਦੀ ਦੀ ਵਰਨ ਖਾਤਰ,
ਲਖਾਂ ਸਬਕ ਸ਼ਹਾਦਤ ਦਾ ਪੜ੍ਹਨਗੇ ਹੁਨ।
ਪਿਆਰਾ ਵਤਨ ਆਜ਼ਾਦ ਕਰਾਨ ਖਾਤਰ,
ਦਰਦੀ ਦੇਸ਼ ਦੇ ਜੇਹਲਾਂ ਚਿ ਵੜਨਗੇ ਹੁਨ
ਜ਼ੁਲਮੋ ਸਿਤਮ ਤੇ ਜਬਰ ਦੀ ਲਾਟ ਉਤੋਂ,
ਕਈ ਵਾਂਗ ਪਤੰਗਾਂ ਦੇ ਸੜਨਗੇ ਹੁਨ।
ਲੋੜ ਪਈ ਜੇ ਫਾਂਸੀ ਤੇ ਚੜ੍ਹਨ ਦੀ ਵੀ,
ਚਿੰਦੀ ਨੌਜਵਾਨ ਫਾਂਸੀ ਤੇ ਚੜ੍ਹਨਗੇ ਹੁਨ।
ਸਾਡਾ ਵਤਨ ਆਜ਼ਾਦ ਜ਼ਰੂਰ ਹੋਸੀ,
ਪਿਆ ਆਖਦਾਏ ਏਹਤਕਾਦ ਸਾਡਾ।
ਅਸੀਂ ਜੰਗ ਆਜ਼ਾਦੀ ਦਾ ਲੜੀ ਜਾਂਗੇ,
ਅੰਤ ਹੋਵੇਗਾ ਵਤਨ ਆਜ਼ਾਦ ਸਾਡਾ।
ਇਹ ਕੋਈ ਭੁਲ ਨਹੀਂ ਦੇਸ਼ ਦੁਲਾਰਿਆਂ ਨੂੰ,
ਕਿਵੇਂ ਦੇਸ਼ ਆਜ਼ਾਦੀ ਲਈ ਮਰੀਦਾ ਏ।

ਤੈਹ ਕਰਨੀ ਹੋਵੇ ਜੇ ਇਹ ਮੰਜ਼ਲ,
ਤਾਂ ਫਿਰ ਕਸ਼ਟ ਸਰੀਰ ਤੇ ਜਰੀਦਾ ਏ।
ਪੈਰ ਮੌਤ ਦੀ ਹਦ ਤੋਂ ਰਖ ਅਗੇ,
ਸੁਤੰਤਰਤਾ ਨੂੰ ਫੇਰ ਵਰੀਦਾ ਏ।
ਸੀਸ ਕਟਕੇ ਤਲੀ ਤੇ ਰਖੀਏ ਜੇ,
ਫੇਰ ਦਰਸ਼ ਮਹਬੂਬ ਦਾ ਕਰੀਦਾ ਏ।
ਹੁਨ ਤਾਂ ਕੁਲ ਜ਼ਮਾਨਾ ਇਹ ਸਮਝਦਾ ਏ,
ਇਨਕਲਾਬ ਹੋਸੀ ਜ਼ਿੰਦਾਬਾਦ ਸਾਡਾ।
ਸੀਸ ਭੇਂਟ "ਕਰਤਾਰ" ਚੜ੍ਹਾ ਦਿਆਂਗੇ,
ਅੰਤ ਹੋਵੇਗਾ ਵਤਨ ਆਜ਼ਾਦ ਸਾਡਾ।

—o—

# ਗਰੀਬ ਦਾ ਜੀਵਨ

ਦਸਾਂ ਹਾਲਤ ਕੀ ਅਪਨੀ ਦੁਖੀ ਐਨਾਂ,
ਅਖੋਂ ਨੀਰ ਦੀਆਂ ਧਾਰਾਂ ਵਹਿੰਦੀਆਂ ਨੇ।
ਨਾਲ ਭੁਖ ਜਦ ਜਿਗਰ ਦੇ ਰੋਣ ਟੁਕੜੇ,
ਵੇਖ ਆਂਦਰਾਂ ਨੂੰ ਗਸ਼ਾਂ ਪੈਂਦੀਆਂ ਨੇ।
ਪਾਟੇ ਲੀਰਾਂ ਦੇ ਗਲ ਵਿਚ ਵੇਖ ਕਫਨ,
ਆਹੀਂ ਨਿਕਲਨੋਂ ਬਾਝ ਨਹੀਂ ਰਹਿੰਦੀਆਂ ਨੇ।
ਬਾਵਜੂਦ ਐਨੇ ਦੁਖ ਸਹਿਨ ਦੇ ਵੀ,
ਮੇਰੀਆਂ ਕਿਸਮਤਾਂ ਇਹ ਮੈਨੂੰ ਕਹਿੰਦੀਆਂ ਨੇ।

ਕੀ ਰੋਵਨਾਏ ਅਜੇ ਬਦ ਕਿਸਮਤਾ ਓਏ,
ਅਜੇ ਸ਼ੁਰੂ ਈ ਦੁਖਾਂ ਦੀ ਘੜੀ ਹੋਈ ਏ।
ਗਲ ਪੌਣ ਦੇ ਲਈ ਤੇਰੇ ਪਾਪੀਆ ਓਏ,
ਹਥੀਂ ਫੜੀ ਦੁਖਾਂ ਵਾਲੀ ਲੜੀ ਹੋਈ ਏ।
ਝਖੜ ਝੁੱਲੇ ਨੇ ਗੁਰਬਤ ਦੇ ਆਨ ਐਨੇ,
ਘਰ ਸੌਣ ਨੂੰ ਪਾਟੀਆਂ ਜੁਲੀਆਂ ਨਹੀਂ।
ਢਿਡ ਭਰ ਕੇ ਖਾਣਾ ਤਾਂ ਰਿਹਾ ਪਾਸੇ,
ਵਿਚ ਕਿਸਮਤ ਦੇ ਸੜੀਆਂ ਗੁਲੀਆਂ ਨਹੀਂ।
ਠੰਡ ਪੋਹ ਦੀ ਤੋਂ ਹਾਏ ਬਚਣ ਖਾਤਰ,
ਲਭਣ ਕਾਨਿਆ ਦੀਆਂ ਵੀ ਕੁੱਲੀਆਂ ਨਹੀਂ।
ਤੂੰ ਇਹ ਦਸ ਖਾਂ ਜਗਤ ਦਿਆ ਦਾਤਿਆ ਓਏ,
ਲੀਰਾਂ ਗਲ ਦੀਆਂ ਗਲੀ ਵਿਚ ਰੁਲੀਆਂ ਨਹੀਂ।
ਹਰ ਸਾਹ ਮੇਰੇ ਵਿਚੋਂ ਹਾ ਨਿਕਲੇ,
ਦਿਨ ਦੁਖਾਂ ਵਾਲੇ ਪਿਆ ਕਟਦਾ ਹਾਂ।
ਨਿਤ ਕੀਰਨੇ ਪਾਵਾਂ ਇਸ ਜ਼ਿੰਦਗੀ ਦੇ,
ਹੋਇਆ ਪਾਗਲ ਸਿਰ ਦੇ ਬਾਲ ਪਟਦਾ ਹਾਂ।
ਓਦੋਂ ਕਾਲਜਾ ਹੋ ਦੋ ਫਾੜ ਜਾਂਦਾ,
ਜਦੋਂ ਬਾਲ ਭੁਖੇ ਹਾਂਈ ਮਾਰਦੇ ਨੇ।
ਚੀਕਾਂ ਸੁਣਕੇ ਕੰਬ ਅਸਮਾਨ ਜਾਂਦਾ,
ਸ਼ੋਕ ਸ਼ੋਕ ਪਰਿੰਦੇ ਪੁਕਾਰਦੇ ਨੇ।
ਜਦੋਂ ਆਖਦੇ ਨੇ ਬਾਪੂ ਦੇਹ ਰੋਟੀ,
ਨਾਲ ਆਜਜ਼ੀ ਮਿਨਤ ਗੁਜ਼ਾਰਦੇ ਨੇ।

ਰੋਟੀ ਮੰਗਨ ਤੇ ਜਦ ਮੇਰੇ ਮੂੰਹ ਵਿਚੋਂ,
ਲਫਜ਼ ਹੋਣ ਅਦਾ ਇਨਕਾਰ ਦੇ ਨੇ।
ਜਦੋਂ ਲਫਜ਼ ਇਨਕਾਰ ਦੇ ਸੁਨਨ ਮੈਥੋਂ,
ਰੋ ਰੋ ਅਖੀਆਂ ਚੋਂ ਹਿੰਝੂ ਡੋਹਲ ਦੇਂਦੇ।
ਟੁਕੜੇ ਟੁਕੜੇ ਹੋ ਜਾਂਦਾ ਏ ਜਿਗਰ ਉਸ ਦਮ,
ਅੱਲੇ ਫਟ ਝੰਝੋਲ ਕੇ ਖੋਹਲ ਦੇਂਦੇ।
ਰਬਾ ਕੀ ਅਸਾਂ ਤੇਰਾ ਬੁਰਾ ਕੀਤਾ,
ਜਿਹੜਾ ਸਾਥੇ ਈ ਤੂੰ ਕਹਿਰਵਾਨ ਹੋਇਆ।
ਮੂੰਹ ਸੁਖ ਦਾ ਇਕ ਦਿਨ ਵੇਖਿਆ ਨਹੀਂ,
ਪੈਦਾ ਜਦੋਂ ਦਾ ਵਿਚ ਜਹਾਨ ਹੋਇਆ।
ਟੁਕੜਾ ਜਿਗਰ ਦਾ ਪਿਆ ਐਧਰ ਤੜਫਦਾ ਏ,
ਚਾਨਣ ਅਖੀਆਂ ਦਾ ਹੈ ਬੇਜਾਨ ਹੋਇਆ।
ਨਹੀਂ ਲਗਦਾ ਪਤਾ ਹਿਸਾਬ ਕੇਹੜੇ,
ਰਬ ਸਾਰਿਆਂ ਤੇ ਮਿਹਰਬਾਨ ਹੋਇਆ।
ਸਾਰੀ ਦੁਨੀਆਂ ਦੇ ਦੁਖਾਂ ਨੂੰ ਕਰ ਕਠਿਆਂ,
ਰਬਾ ਸਿਰ ਮਜ਼ਲੂਮਾਂ ਦੇ ਧਰੀ ਨਾ ਜਾ।
ਕਰ ਤਰਸ 'ਕਰਤਾਰ' ਬੇਦੋਸਿਆਂ ਤੇ,
ਖੂਨ ਸਦਾ ਗਰੀਬਾਂ ਦਾ ਕਰੀ ਨਾ ਜਾ।

# ਭਾਰਤ ਦੀ ਹਾਲਤ

ਇਕ ਬਾਗ ਵਿਚ ਜਾਇਕੇ ਦੇਖਿਆ ਮੈਂ,
ਬੁਢੀ ਮਾਈ ਇਕ ਹਾਲੋਂ ਬੇ ਹਾਲ ਦਿਸੀ ।
ਖੁਲੇ ਵਾਲ ਸਨ ਓਸ ਗਰੀਬਣੀ ਦੇ,
ਜਕੜੀ ਹੋਈ ਜ਼ੰਜੀਰਾਂ ਦੇ ਨਾਲ ਦਿਸੀ ।
ਰੰਗ ਜ਼ਰਦ ਤੇ ਭਰੇ ਉਹ ਸਰਦ ਆਂਹੀ,
ਅਖੋਂ ਹੰਝੂਆਂ ਦੀ ਲੜੀ ਨਾਲ ਦਿਸੀ ।
ਹਥ ਜੋੜ ਅਸਮਾਨ ਵਲ ਤਕ ਰਹੀ ਸੀ,
ਦੁਖੀਆ ਦਿਲ ਤੋਂ ਕਰਦੀ ਸਵਾਲ ਦਿਸੀ ।
ਮਨਜ਼ਰ ਵੇਖਿਆ ਜਦੋਂ ਇਹ ਦਰਦ ਭਰਿਆ,
ਮੂਹੋਂ ਨਿਕਲ ਗਈ ਚੀਕ ਬੇਵਸ ਮੇਰੇ ।
ਆਇਆ ਚਕਰ ਦਿਮਾਗ਼ ਨੂੰ ਹੋਸ਼ ਭੁਲੇ,
ਸਾਹ ਔਨ ਜਾਣੋ ਹੋਏ ਬਸ ਮੇਰੇ ।
ਲੇਕਿਨ ਸੁਣ ਆਵਾਜ਼ ਇਹ ਚੀਕ ਵਾਲੀ,
ਉਸ ਮਾਈ ਨੇ ਮੇਰੇ ਵਲ ਧਿਆਨ ਕੀਤਾ ।
ਮੈਂ ਵੀ ਉਠ ਕੇ ਹੋਸ਼ ਸੰਭਾਲ ਛੇਤੀ,
ਆਪਣੇ ਕਦਮਾਂ ਨੂੰ ਜਲਦ ਰਵਾਨ ਕੀਤਾ ।
ਨਮਸ਼ਕਾਰ ਕੀਤਾ ਉਸ ਮਾਤ ਨੂੰ ਜਾ,
ਨਾਲੇ ਸਵਾਲ ਇਹ ਉਤੋਂ ਜ਼ਬਾਨ ਕੀਤਾ ।
ਮਾਤਾ ਦਸ ਤੂੰ ਕੌਣ ਏਂ ਨਾ ਕੀ ਊ ?
ਤੇਰਾ ਹਾਲ ਇਹ ਕਿਸ ਬੇਈਮਾਨ ਕੀਤਾ ।

ਕਿਉਂ ਇਹ ਹਾਲਤ ਨਮਾਣਿਆਂ ਵਾਂਗ ਹੋਈ,
ਕਿਉਂ ਨਾਲ ਜ਼ੰਜੀਰਾਂ ਦੇ ਕੈਦ ਹੈਂ ਤੂੰ।
ਸਚ ਦਸ ਨਾ ਕਰੀਂ ਲੁਕਾ ਕੋਈ,
ਕਿਹੜੀ ਗਲੋਂ ਮਾਤਾ ਨਾਉਮੈਦ ਹੈਂ ਤੂੰ।

ਉਸ ਕਹਿਆ ਸੁਣ ਹਾਲ ਖਿਆਲ ਦੇ ਨਾਲ,
ਭਾਰਤ ਨਾਮ ਮੇਰਾ ਬਦ ਨਸੀਬ ਦਾ ਏ।
ਵਿਚ ਪਿੰਜਰੇ ਕੈਦ ਸਯਾਦ ਹਥੀਂ,
ਹੋਇਆ ਹਾਲ ਜਿਵੇਂ ਅੰਦਲੀਬ ਦਾ ਏ।
ਮੇਰਾ ਦੇਸ਼ ਹੋਇਆ ਪੰਜੇ ਗੈਰ ਦੇ ਵਿਚ,
ਸਮਾਂ ਬਣਿਆਂ ਰੰਗ ਅਜੀਬ ਦਾ ਏ।
ਫੁਟੀ ਕਿਸਮਤ ਅਸਮਾਨ ਨੇ ਗੇੜ ਖਾਦਾ,
ਹੋਇਆ ਹਾਲ ਇਹ ਮੈਂ ਗਰੀਬ ਦਾ ਏ।

ਨਿਤ ਨਵੇਂ ਸੂਰਜ ਦਿਲ ਤੇ ਫਟ ਹੁੰਦੇ,
ਦਿਸਦਾ ਕੋਈ ਹਾਏ ਮਰ੍ਹਮ ਨਹੀਂ ਲੌਣ ਵਾਲਾ।
ਹੋਈਆਂ ਮੁਦਤਾਂ ਨੇ ਦੁਖ ਝਾਗਦੀ ਨੂੰ,
ਆਇਆ ਕੋਈ ਨਹੀਂ ਹਾਏ ਛਡੌਨ ਵਾਲਾ।

ਕੀ ਕੀ ਦਸਾਂ ਜੋ ਬੀਤੀਆਂ ਹੈਨ ਮੈਥੇ,
ਕਿਤੇ ਗੋਲੀਆਂ ਛਾਤੀ ਤੇ ਚਲੀਆਂ ਨੇ।
ਉਹ ਯਾਦ ਨੇ ਬਜ ਬਜ ਘਾਟ ਤੇ ਜੋ,
ਮੈਥੇ ਜਾਬਰਾਂ ਕੀਤੀਆਂ ਭਲੀਆਂ ਨੇ।
ਕਿਤੇ 'ਦਾਸ', 'ਬਿਸਮਲ', 'ਅਸ਼ਫਾਕ', 'ਲਹਿਰੀ',
ਜ਼ਿੰਦਾ ਅਜ ਸ਼ਹਾਦਤਾਂ ਘਲੀਆਂ ਨੇ।

'ਭਗਤ', 'ਗੁਰੂ', 'ਸੁਖਦੇਵ', 'ਕਰਤਾਰ' ਦੀਆਂ,
ਕਿਤੇ ਮਿਟੀਆਂ ਮਿਟੀ 'ਚ ਰਲੀਆਂ ਨੇ ।
ਜਦੋਂ ਜਿਗਰ ਤੇ ਮਾਰਕੇ ਹਥ ਵੇਖਾਂ,
ਅੱਲੇ ਫਟ ਹਾਏ ਹਥਾਂ ਨੂੰ ਲਗਦੇ ਨੇ।
ਦਿਨ 'ਕਰਤਾਰ' ਸੁਖਾਂ ਦੇ ਪ੍ਰਵਾਜ਼ ਕਰ ਗਏ,
ਵਾ ਵਰੋਲੇ ਪੈ ਦੁਖਾਂ ਦੇ ਵਗਦੇ ਨੇ।

—o—

## ਛੁਰੀ ਜ਼ੁਲਮ ਦੇ ਨਾਲ ਹਲਾਲ ਨਾ ਕਰ

ਐ ਸੱਯਾਦ ਤੇਰੇ ਹਥੀਂ ਆਏ ਹੋਏ ਆਂ,
ਛੁਰੀ ਜ਼ੁਲਮ ਦੇ ਨਾਲ ਹਲਾਲ ਨਾ ਕਰ।
ਅੰਦਰ ਚਮਨ ਦੇ ਖਿੜੇ ਨੇ ਫੁਲ ਜਿਹੜੇ,
ਜ਼ਾਲਮ ਪੈਰਾਂ ਦੇ ਹੇਠ ਪਾਮਾਲ ਨਾ ਕਰ।
ਘਾਤ ਕਰ ਨਾ ਦੇਸ਼ ਦੁਲਾਰਿਆਂ ਦਾ,
ਜ਼ਿੰਦਾ ਰੂਹਾਂ ਨੂੰ ਐਵੇਂ ਬੇਹਾਲ ਨਾ ਕਰ।
ਵਿਚ ਜਿਹਲ ਦੇ ਪਾ ਲੈ ਬਹਾਦਰਾਂ ਨੂੰ,
ਪਰ ਗੁਲਾਮੀ ਦਾ ਜ਼ਾਲਮ ਸਵਾਲ ਨਾ ਕਰ।

———

ਕਾਤਲ ਵੇਖ ਲੈ ਮਕੱਤਲ ਵਿਚ ਆਸ਼ਕਾਂ ਨੂੰ,
ਠਹਿਰ ਤੇਗ ਦਾ ਜਲਦੀ ਸੇ ਵਾਰ ਨਾ ਕਰ।
ਸਿਰ ਤੇ ਪਹਿਲੇ ਹੀ ਧੜੋਂ ਅਲੱਗ ਦਿਸਦੇ,
ਚੀਰ ਪਾੜ ਕੇ ਹੋਰ ਲੰਗਾਰ ਨਾ ਕਰ।

ਘਰੋਂ ਚਲ ਆਏ ਕਤਲਗਾਹ ਜਿਹੜੇ,
ਸਾਂਹਵੇ ਉਹਨਾਂ ਦੇ ਤੇਜ਼ ਤਲਵਾਰ ਨਾ ਕਰ।
ਕੀ ਆਵੇਗਾ ਹਥ ਜੱਲਾਦ ਤੇਰੇ,
ਖ਼ੂਨ ਖਾਰ ਨਾ ਬਣ ਵਿਚਾਰ ਚਾ ਕਰ।

———

ਪੰਛੀ ਨਾਲ ਆਜ਼ਾਦੀ ਜੋ ਫਿਰਨ ਉਡੇ,
ਪਾ ਕੇ ਪਿੰਜਰੇ ਵਿਚ ਹੈਰਾਨ ਨਾ ਕਰ।
ਅਛਾ ਪਾ ਲੈ ਈ ਜੇਕਰ ਪਿੰਜਰੇ ਵਿਚ,
ਨਾਲ ਭੁਖ ਦੇ ਫੇਰ ਬੇਜਾਨ ਨਾ ਕਰ।
ਰਖ ਰਖ ਕੇ ਭੁਖਿਆਂ ਮਾਰ ਬੇਸ਼ਕ,
ਕਤਲ ਕਰਨ ਦਾ ਲੇਕਿਨ ਧਿਆਨ ਨਾ ਕਰ।
ਬੜਾ ਜ਼ੁਲਮ ਹੁੰਦਾ ਏ ਬੇਜਾ ਖ਼ੂਨ ਕਰਨਾ,
ਉਤੇ ਜ਼ਿਮੀਂ ਤੇ ਹੇਠ ਅਸਮਾਨ ਨਾ ਕਰ।

———

ਕਾਤਲ ਠਹਿਰ ਜਾ ਡਰ ਕੁਝ ਰਬ ਕੋਲੋਂ,
ਬੇਗੁਨਾਹਾਂ ਨੂੰ ਐਵੇਂ ਹਲਾਕ ਨਾ ਕਰ।
ਐਨਲ ਹਕ ਕਹਿੰਦੇ ਸੂਲੀ ਚੜ੍ਹ ਗਏ ਸਨ,
ਪਾਕ ਰੂਹਾਂ ਨੂੰ ਜ਼ਾਲਮ ਨਾਪਾਕ ਨਾ ਕਰ।
ਭੇਟ ਸ਼ਮਾਂ ਦੀ ਚੜ੍ਹਨਾ ਪ੍ਰਵਾਨਿਆਂ ਨੇ,
ਨਾ ਓਇ ਰੋਕ ਤੇ ਦਿਲ ਗ਼ਮਨਾਕ ਨਾ ਕਰ।
ਜਿਹਨਾਂ ਜਿਉਂਦਿਆਂ ਮੌਤ ਮਨਜ਼ੂਰ ਕੀਤੀ,
ਹੋਰ ਉਹਨਾਂ ਨੂੰ ਖ਼ਾਕ ਦਰ ਖ਼ਾਕ ਨਾ ਕਰ।

ਜ਼ਰਾ ਠਹਿਰ ਜਾ ਜ਼ੁਲਮ ਈਜਾਦ ਨਾ ਕਰ,
ਸੋਹਣੇ ਚਮਨ ਨੂੰ ਹਾਏ ਬਰਬਾਦ ਨਾ ਕਰ।
ਕੁਛ ਹਦ ਵੀ ਏ ਏਸ ਸਿਤਮ ਵਾਲੀ,
ਵਧ ਵਧ ਕੇ ਸਿਤਮ ਜੱਲਾਦ ਨਾ ਕਰ।
ਤੂੰ ਵੀ ਚੁਪ ਕਰ ਜਾ ਭਾਰਤ ਵਿਲਕ ਨਾਂਹੀ,
ਅੰਦਰ ਪਿੰਜਰੇ ਮਾਤਾ ਫਰਯਾਦ ਨਾ ਕਰ।
ਕੌਣ ਸੁਨਣ ਵਾਲਾ ਹੁਣ ਫਰਯਾਦ ਤੇਰੀ,
ਬਿਨ 'ਕਰਤਾਰ' ਕਿਤੇ ਏਤਮਾਦ ਨਾ ਕਰ।

## ਇਕ ਪਰਿੰਦੇ ਦਾ ਕਿਸਮਤ ਤੇ ਗਿਲਾ

ਵਾਹ ਨੀ ਕਿਸਮਤੇ ਤੈਥੋਂ ਕੁਰਬਾਨ ਜਾਵਾਂ,
ਚਾਲਾਂ ਤੇਰੀਆਂ ਸਭ ਨਿਰਾਲੀਆਂ ਨੇ।
ਕਦੇ ਉਹ ਵੀ ਦਿਨ ਵਖਾਏ ਸੀ ਤੂੰ,
ਜਦੋਂ ਰਲ ਵਜਾਈਆਂ ਸੀ ਤਾਲੀਆਂ ਨੇ।
ਸਾਂ ਆਜ਼ਾਦ ਫਿਰਦੇ ਉਡੇ ਚਮਨ ਦੇ ਵਿਚ,
ਚੜ੍ਹੀਆਂ ਮਸਤੀਆਂ ਸਨ ਜੋਬਨ ਵਾਲੀਆਂ ਨੇ।
ਹੁਣ ਪਾਪ ਨੇ ਕੀਤਾ ਈ ਕੈਦ ਫੜ ਕੇ,
ਰਹੀਆਂ ਖੁਸ਼ੀਆਂ ਨ ਉਹ ਖੁਸ਼ਹਾਲੀਆਂ ਨੇ।

---

ਕਰ ਦਿਤਾ ਈ ਰੰਗੋਂ ਬਦਰੰਗ ਆ ਕੇ,
ਵਿਚ ਕਫਸ ਦੇ ਲਿਆ ਕੇ ਵਾੜਿਆ ਈ।

ਦਿਨ ਹਥੋਂ ਆਜ਼ਾਦੀ ਦੇ ਖੋਹ ਲਏ ਈ,
ਕੀ ਕਸੂਰ ਕੀਤਾ ਏ ਸੂਲੀ ਚਾੜ੍ਹਿਆ ਈ।
ਨਹੀਓ ਤਰਸ ਕੀਤਾ ਹਾਏ ਓ ਬੇਜ਼ਬਾਂ ਤੇ,
ਜਿਗਰ ਜਬਰ ਦੀ ਛੁਰੀ ਨਾਲ ਪਾੜਿਆ ਈ।
ਕਦੇ ਸੈਰ ਅਕਾਸ਼ ਕਰਾਇਆ ਸਾਈ,
ਅਜ ਭੈੜੀਏ ਪਿੰਜਰੇ ਤਾੜਿਆ ਈ।
ਦਿਨ ਭੁਲਦੇ ਨਹੀਂ ਲੈਕੇ ਨਾਲ ਯਾਰਾਂ,
ਲਾਈਆਂ ਤਾਰੀਆਂ ਜੋ ਕੁਲ ਜ਼ਮਾਨੇ ਦੇ ਵਿਚ।
ਐਥੋਂ ਉਡ ਕੇ ਐਸ ਥਾਂ ਜਾ ਬਹਿਨਾ,
ਗੀਤ ਗਾਵਣੇ ਰਾਗ ਮਸਤਾਨੇ ਦੇ ਵਿਚ।
ਸੈਰ ਕਰ ਕੇ ਕੁਲ ਬਾਗੀਚਿਆਂ ਦਾ,
ਫੇਰ ਆ ਜਾਣਾ ਆਸ਼ਿਆਨੇ ਦੇ ਵਿਚ।
ਇਹ ਕੀ ਕੀਤਾ ਈ ਕਹਿਰ ਹਤਿਆਰੀਏ ਨੇ,
ਲਿਆਕੇ ਪਾ ਦਿਤਾਈ ਬੰਦੀਖਾਨੇ ਦੇ ਵਿਚ।
ਜਦੋਂ ਕੀਤਾ ਈ ਨਹੀਂ ਹੈ ਜੁਰਮ ਕੋਈ,
ਫੇਰ ਕਾਸਨੂੰ ਕੈਦੀ ਬਣਾ ਦਿਤਾ।
ਹਾਏ ਕੀਤਾ ਈ ਖੂਨ ਕਿਉਂ ਬੇਗੁਨਾਹਾਂ ਦਾ,
ਕੀ ਸਾਈ ਵੈਰ ਜੋ ਸਮਾਂ ਬਦਲਾ ਦਿਤਾ।
ਉਡਦੇ ਫਿਰਦੇ ਪੰਛੀਆਂ ਭੋਲਿਆਂ ਨੂੰ,
ਫਾਹੀਆਂ ਲਾਇਕੇ ਕਿਉਂ ਫਸਾ ਦਿਤਾ।
ਕੋਈ ਨਹੀਂ 'ਕਰਤਾਰ' ਕਸੂਰ ਕੀਤਾ,
ਐਵੇਂ ਫੜਕੇ ਪਿੰਜਰੇ ਪਾ ਦਿਤਾ।

# ਵਤਨ ਆਜ਼ਾਦ

ਵਤਨ ਆਜ਼ਾਦ ਕਰਾਨ ਦੀ ਖਾਤਰ,
ਸਿਰ ਆਪਣਾ ਚਾ ਕਟਵਾਵਾਂਗੇ।
ਜਿਹਲ ਖਾਨੇ ਤਾਂ ਨੇ ਗਲ ਮਾਮੂਲੀ,
ਫਾਂਸੀਆਂ ਤੇ ਚੜ੍ਹ ਜਾਵਾਂਗੇ।

ਵਤਨ ਹੈ ਆਪਨਾ ਆਜ਼ਾਦ ਕਰਾਨਾ,
ਦੇਸ਼ ਦੀ ਖਾਤਰ ਕਸ਼ਟ ਉਠਾਨਾ,
ਗੈਰ ਦੇ ਅਗੇ ਨਾ ਸੀਸ ਝੁਕਾਨਾ,
ਸਭਨਾਂ ਨੂੰ ਸਮਝਾਵਾਂਗੇ—ਵਤਨ ਆਜ਼ਾਦ......

ਨਹੀਂ ਹੁਣ ਗੁਲਾਮੀ ਦੀ ਜ਼ਿੰਦਗੀ ਭਾਂਦੀ,
ਅਗ ਜ਼ੁਲਮ ਦੀ ਨਿਤ ਜਲਾਂਦੀ,
ਖੂਨ ਅਸਾਡਾ ਏ ਚੂਸਦੀ ਜਾਂਦੀ,
ਗਲੋਂ ਗੁਲਾਮੀ ਨੂੰ ਲਾਹਵਾਂਗੇ—ਵਤਨ......

ਘਰ ਸਾਡਾ ਆਕੇ ਗੈਰਾਂ ਨੇ ਖੋਹਿਆ,
ਬੀਜ ਹਕੂਮਤ ਦਾ ਸਾਡੇ ਸਿਰ ਬੋਇਆ,
ਸਾਨੂੰ ਹੈ ਫੜ ਬਕਰੇ ਵਾਂਗ ਕੋਹਿਆ,
ਉਲਟੀ ਇਹ ਰੀਤ ਮਿਟਾਵਾਂਗੇ—ਵਤਨ......

ਆਇਆ ਏ ਵੇਖੋ ਇਹ ਉਲਟਾ ਜ਼ਮਾਨਾ,
ਸਾਨੂੰ ਤਾਂ ਸਮਝੇ ਇਹ ਪਾਗਲ ਦੀਵਾਨਾ,
ਆਪੇ ਈ ਬਣਦਾ ਏ ਚਾਤਰ ਸਿਆਣਾ,
ਭਰਮ ਇਹਦਾ ਇਹ ਹਟਾਵਾਂਗੇ—ਵਤਨ......

NATIONAL ARCHIVES LIBRARY
No 1956
Date 1-2-72
INDIA

ਚੰਗਾ ਤੂੰ ਸਾਥੇ ਇਹਸਾਨ ਕਮਾਇਆ,
ਕੀਤੇ ਕਈ ਫਾਂਸੀ ਤੇ ਜੇਹਲਾਂ ਚਿ ਪਾਇਆ,
ਕਈਆਂ ਨੂੰ ਸਤਲੁਜ ਤੇ ਜਾਕੇ ਜਲਾਇਆ,
ਨਹੀਂ ਤੇਰਾ ਇਹਸਾਨ ਭੁਲਾਵਾਂਗੇ—ਵਤਨ......
ਕਈ ਵਤਨ ਵਿਚੋਂ ਕੀਤੇ ਚਾ ਬਾਹਿਰ,
ਗੋਲੀ ਚਲਾਇਓ ਈ ਬਨ ਬਨਕੇ ਡਾਇਰ,
ਜਲਿਆਂ ਵਾਲੇ ਵਿਚ ਕੀਤੇ ਜੋ ਫਾਇਰ,
ਕੀ ਉਹਨਾਂ ਤਾਂਈ ਭੁਲ ਜਾਵਾਂਗੇ—ਵਤਨ......
ਐ, ਜੇ ਤੂੰ ਨਵੇਂ ਬਨਾਵੇਂ ਕਾਨੂੰਨ,
ਜਿਸ ਨਾਲ ਹਿੰਦੀਆਂ ਦਾ ਹੋ ਜਾਏ ਖੂਨ,
ਫਿਰ ਲਾਵੇਂ ਦਫਾ ਜਿਸ ਨਾਲ ਸਕਨ ਨ ਕੂਨ,
ਹੜ ਜ਼ੁਲਮ ਦੇ ਨੂੰ ਠਲ ਪਾਵਾਂਗੇ—ਵਤਨ......
ਕੀ ਤੇਰਾ ਅਸਾਂ ਬੁਰਾ ਤਕਾਇਆ,
ਜਰਮਨ ਚਿ ਜਾ ਕੇ ਸੀ ਤੈਨੂੰ ਛੁੜਾਇਆ,
ਤੇਰੇ ਪਿਛੇ ਆਪਣਾ ਖੂਨ ਵਗਾਇਆ,
ਨਹੀਂ ਹੁਣ ਇਮਦਾਦ ਤੇ ਆਵਾਂਗੇ—ਵਤਨ......
ਜ਼ਾਲਮ ਤੂੰ ਇਹਦੀ ਕੀ ਕਦਰ ਹੈ ਜਾਨੀ,
ਤੇਰੇ ਲਈ ਦਿਤੀ ਜੋ ਕੁਰਬਾਨੀ,
ਤੂੰ ਸਾਡੀਹੀਖਲ ਉਲਟਾ ਲੌਹਣੀ ਹੈ ਠਾਨੀ,
ਤੇਗ ਤੇਰੀ ਨੂੰ ਹੁਣ ਚਾ ਰੁਕਾਂਵਾਂਗੇ—ਵਤਨ......
ਹਾਂ ਭਾਈਓ ਆਪਾਂ ਸਾਰੇ ਹਿੰਦੁਸਤਾਨੀ,
ਵਤਨ ਦੇ ਪਿਛੇ ਲਾ ਦਿਓ ਜ਼ਿੰਦਗਾਨੀ,

ਕਰ ਜਾਓ ਦੁਨੀਆਂ ਤੇ ਕਾਇਮ ਨਸ਼ਾਨੀ,
ਤਾਂ ਫਿਰ ਸਵਰਗ ਨੂੰ ਪਾਵਾਂਗੇ—ਵਤਨ......
ਹੋਵੋ ਜਥੇਬੰਦ ਲਈਏ ਆਜ਼ਾਦੀ,
ਨਾ ਹੁੰਦੀ ਰਹੇ ਸਾਡੀ ਨਿਤ ਬਰਬਾਦੀ,
ਉਠੋ 'ਕਰਤਾਰ' ਕਰੋ ਇਹ ਮੁਨਾਦੀ,
ਕਿ ਗੀਤ ਵਤਨ ਦੇ ਗਾਵਾਂਗੇ—ਵਤਨ......

---

## ਕੁਝ ਹੋਸ਼ ਨੂੰ ਹਥ ਮਾਰ ਹੁਣ

ਉਠ ਜਾਗ ਹਿੰਦੀ ਕਿਰਤੀਆ ਕੁਝ ਹੋਸ਼ ਨੂੰ ਹਥ ਮਾਰ ਹੁਣ,
ਮੁਦਤਾਂ ਤੋਂ ਗ਼ਾਫਲ ਸੈਂ ਰਹਿਓਂ ਹੁੰਦਾ ਕਿਉਂ ਨਹੀਂ ਹੁਸ਼ਿਆਰ ਹੁਣ।
ਸਿਰ ਤੇਰੇ ਤੇ ਮੁਸ਼ਕਲਾਂ ਦੇ ਟੁਟ ਰਹੇ ਪਹਾੜ ਨੇ,
ਘਰ ਤੇਰੇ ਹਾਏ ਹਿੰਦੀਆ ਹੁੰਦੇ ਪਏ ਉਜਾੜ ਨੇ,
ਹੋ ਰਹੀਆਂ ਬਰਬਾਦੀਆਂ ਹੋ ਨੀਂਦ ਤੋਂ ਬੇਦਾਰ ਹੁਣ—
ਉਠ ਜਾਗ......
ਅਠ ਪਹਿਰ ਮਿਹਨਤ ਕਰਦਿਆਂ ਚਮੜਾ ਹੈ ਤੇਰਾ ਸੁਕਿਆ,
ਮੂੰਹ ਤੇ ਨ ਰਹੀਆਂ ਲਾਲੀਆਂ ਹਡੀਆਂ ਦਾ ਪਿੰਜਰ ਝੁਕਿਆ,
ਛਾ ਗਈਆਂ ਨੇ ਜ਼ਰਦੀਆਂ ਕੁਝ ਸੋਚ ਤੇ ਵਿਚਾਰ ਹੁਣ—
ਉਠ ਜਾਗ......
ਰੋਂਦੇ ਨੇ ਭੁਖੇ ਬਾਲ ਘਰ ਬੁਰਕੀ ਨਹੀਂ ਟੁਕਰ ਲਭਦਾ,
ਹਾਏ ਤੈਥੇ ਈ ਓਏ ਹਿੰਦੀਆ ਹੋਇਆ ਏ ਕਹਿਰ ਰਬਦਾ,
ਵੇਖ ਕੇਹਾ ਸੋਹਣਾ ਪਾਇਆ ਈ ਲੀਰਾਂ ਦਾ ਗਲ ਵਿਚ ਹਾਰ ਵੇ—
ਉਠ ਜਾਗ......

ਲੇ ਦਿਨ ਤੋਂ ਤੇਰਾ ਸ਼ਾਮ ਤੀਕਰ ਲਹੂ ਪਸੀਨਾਂ ਏਕ ਹੈ,
ਅਫਸੋਸ ਤੇਰੇ ਜਿਗਰ ਨੂੰ ਫਿਰ ਵੀ ਤਾਂ ਭੁਖ ਦਾ ਸੇਕ ਹੈ,
ਗੁਰਬਤ ਦੀ ਅਗ ਵਿਚ ਸੜਗਿਉਂ ਗੁਰਬਤਦਾਕਰਇਜ਼ਹਾਰਹੁਣ
ਉਠ ਜਾਗ......

ਜਿਸ ਦਿਨ ਦਾ ਜਗ ਵਿਚ ਜਮਿਓਂ ਇਕ ਦਿਨ ਨ ਸੁਖਦਾਦੇਖਿਆ
ਰੁਲਦਾ ਰਹਿਓਂ ਵਿਚ ਵਾਹਨਾਂ ਦੇ ਡਾਨਸ ਨ ਸਿਨੇਮਾ ਵੇਖਿਆ,
ਕਰ ਲਈ ਖਰਾਬ ਜ਼ਿੰਦਗੀ ਲੇ ਕਮਲਿਆ ਕੁਛ ਸਵਾਰ ਹੁਣ—
ਉਠ ਜਾਗ......

ਹਨ ਮਾਸ ਹਡੀਆਂ ਛਡੀਆਂ ਗਈ ਸੁਕ ਰਤ ਸਰੀਰ ਦੀ,
ਇਕ ਪਾਸੇ ਰਹਿ ਗਿਆ ਦੁਧ ਤਾਂ ਮਿਲਦਾ ਨਹੀਂ ਠੰਡਾ ਨੀਰ ਵੀ,
ਰਿਹਾ ਤੇਰੇ ਜੈਸਾ ਕਿਰਤੀਆ ਦੁਖੀਆ ਨ ਵਿਚ ਸੰਸਾਰ ਹੁਣ—
ਉਠ ਜਾਗ......

ਜਦ ਵੇਖਿਆ ਵਿਚ ਗਮੀਂ ਦੇ ਦਿਸਿਓਂ ਨ ਹਾਏ ਖੁਸ਼ਹਾਲ ਤੂੰ,
ਹਰ ਦੁਖ ਚਿ ਦਿਸਿਓਂ ਮੁਬਤਲਾ ਸਮੇਤ ਅਹਿਲੋ ਅੱਯਾਲ ਤੂੰ,
ਕੁਛ ਅਣਖ ਕਰ ਤੇ ਜ਼ਿੰਦਗੀ ਜ਼ਿੱਲਤ ਦੀ ਨ ਗੁਜ਼ਾਰ ਹੁਣ—
ਉਠ ਜਾਗ......

ਭੁਖਾਏਂ ਜੇਕਰ ਢਿਡ ਤੋਂ ਮਿਲਦੀ ਨਹੀਂ ਰੋਟੀ ਮੰਗਿਆਂ,
ਹਾੜ ਤੇ ਸਿਆਲ ਲੰਘੇ ਗਲੋਂ ਤੈਨੂੰ ਨੰਗਿਆਂ,
'ਕਰਤਾਰ' ਕਰ ਲੇ ਖੁਦਕਸ਼ੀ ਨ ਹੋ ਜ਼ਲੀਲੋ ਖੁਆਰ ਹੁਣ,
ਉਠ ਜਾਗ ਹਿੰਦੀ ਕਿਰਤੀਆ ਕੁਝ ਹੋਸ਼ ਨੂੰ ਹਥ ਮਾਰ ਹੁਣ ।

---o---

# ਨੌਜਵਾਨਾ ਕਰਵਟ ਬਦਲ ਤਕਦਾਏ ਮੂੰਹ ਤੇਰਾ ਹਿੰਦੁਸਤਾਂ

---

ਗੈਰਾਂ ਦਾ ਚਿਰ ਤੋਂ ਗੁਲਾਮ ਤੂੰ ਬਣਿਆਏਂ ਬੈਠਾ ਹਿੰਦੀਆ,
ਸ਼ਰਮ ਚਾ ਕਰ ਤੇ ਉਠ ਬਹੁ ਹੁਣ ਮਿਟਾਦੇ ਗੁਲਾਮੀ ਦਾ ਨਾਮਨਿਸ਼ਾਂ,

ਨੌਜਵਾਨਾ ਕਰਵਟ ਬਦਲ ਤਕਦਾਏ ਮੂੰਹ ਤੇਰਾ ਹਿੰਦੁਸਤਾਂ।
ਦੁਨੀਆ ਹੈ ਤੈਨੂੰ ਸਮਝਦੀ ਬੇ ਹਿਯਾ ਨਾਮਰਦ ਹੈ,
ਨਫਰਤ ਦੀ ਹਾਏਨਿਗਾਹਦੇ ਨਾਲ ਤਕਦਾਏ ਮੂੰਹਤੇਰਾਸਾਰਾ ਜਹਾਂ।
ਨੌਜਵਾਨਾ ਕਰਵਟ ਬਦਲ............
ਸੁਨਦੇ ਨੇ ਤੇਰੀ ਆਬਾਦੀ ਜਦੋਂ ਗੈਰ ਮੁਮਾਲਕ ਦੇ ਹੋਨਹਾਰ,
ਉਸ ਵੇਲੇ ਤੈਥੇ ਹਿੰਦੀਆ ਭੇਜਦੇ ਨੇ ਲਖ ਲਾਹਨਤਾਂ।
ਨੌਜਵਾਨਾ ਕਰਵਟ ਬਦਲ............
ਗੁਲਾਮੀ ਦੀ ਜ਼ਿੰਦਗੀ ਵਿਚ ਤੈਨੂੰ ਜੀਵਨ ਦਾ ਕੋਈ ਹਕ ਨਹੀਂ,
ਥੁਕਦੀਆਂ ਨੇ ਤੇਰੇ ਮੂੰਹ ਤੇ ਪਈਆਂ ਆਜ਼ਾਦੀ ਪਸੰਦ ਔਰਤਾਂ।
ਨੌਜਵਾਨਾ ਕਰਵਟ ਬਦਲ............
ਆਜ਼ਾਦ ਮੁਲਕ ਦੇ ਕੁਤੇ ਦੀ ਥਾਂ ਬੈਠਨ ਦਾ ਤੈਨੂੰ ਅਧਕਾਰ ਨਹੀਂ,
ਤੀਲੀ ਲਾਕੇ ਪਰੇ ਫੂਕਦੇ ਨਵਾਬੀਆਂ ਸਰਦਾਰੀਆਂ।
ਨੌਜਵਾਨਾ ਕਰਵਟ ਬਦਲ............
ਲੋਕਾਂ ਗੁਲਾਮੀ ਦੀ ਜ਼ਿੰਗੀ ਤੋਂ ਬਿਹਤਰ ਹੈ ਸਮਝਿਆ ਮੌਤ ਨੂੰ,
ਅਫਸੋਸ ਤੇਰੇ ਤੇ ਹਿੰਦੀਆ ਤੂੰ ਸਦੀਆਂ ਤੋਂ ਸਦੀਆਂ ਗੁਜ਼ਾਰੀਆਂ।
ਨੌਜਵਾਨਾ ਕਰਵਟ ਬਦਲ............

ਜਾਏ ਕਿਸੇ ਦੇਸ ਵਿਚ ਇਹ ਕਹਿਕੇ ਦਿੰਦੇ ਨੇ ਝਿੜਕ ਹਾਏ !
ਆਜ਼ਾਦ ਮੁਲਕ ਚਿ ਵੜਨ ਦੀਆਂ ਗੁਲਾਮਾਂ ਨੂੰ ਨਹੀਂ ਇਜਾਜ਼ਤਾਂ।
ਨੌਜਵਾਨਾ ਕਰਵਟ ਬਦਲ............
ਜਿਸਨੇ ਆਜ਼ੀ ਦੇ ਲੈਨ ਦੀ ਕੀਤੀ ਜ਼ਰਾ ਆਵਾਜ਼ ਬਲੰਦ,
ਡਕ ਦਿਤਾ ਗਿਆ ਵਿਚ ਜੇਹਲਾਂ ਯਾ ਚਾੜ੍ਹ ਦਿਤਾ ਗਿਆ ਫਾਂਸੀਆਂ
ਨੌਜਵਾਨਾ ਕਰਵਟ ਬਦਲ............
ਇਹੀ ਕਦਰ ਹੈ ਹਿੰਦੀਆ ਤੇਰੀ ਅਗਰ ਇਸ ਜ਼ਿੰਦਗੀ ਵਿਚ,
ਮੈਂ ਤਾਂ ਕਹਿਨਾ 'ਕਰਤਾਰ' ਏਹ ਬੇਹਤਰ ਹੈ ਇਸ ਤੋਂ ਮਰਜਾਨਾਂ।
ਨੌਜਵਾਨਾ ਕਰਵਟ ਬਦਲ............

——o——

## ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ

ਖੂਨ ਡੋਲ੍ਹ ਕੇ ਤੂੰ ਕਰਨਾਏ ਕਮਾਈ ਜੋ,
ਰਲ ਮਿਲ ਗੈਰ ਇਹ ਨੂੰ ਜਾਂਦੇ ਖਾਈ ਓ,
ਲਭਦਾ ਨੀ ਤੈਨੂੰ ਹਾਏ ਅਲੂਣਾ ਸਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਛਤੀ ਨਿਹਮਤਾਂ ਤੂੰ ਜਟਾ ਪੈਦਾ ਕਰਨਾਏ,
ਅਫਸੋਸ ਭੁਖ ਨਾਲ ਫੇਰ ਤੂੰਹਿ ਹੀ ਮਰਨਾਏ,
ਰੁਖੀ ਰੋਟੀ ਲਿਖੀ ਨਾ ਵਿਚ ਤੇਰੇ ਭਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਭੁਖ ਵਾਲੇ ਬਦਲ ਰਹਿੰਦੇ ਨਿਤ ਬਰਸਦੇ,
ਭੁਜੇ ਦਾਣਿਆਂ ਨੂੰ ਤੇਰੇ ਬਾਲ ਤਰਸਦੇ,

ਨਿਤ ਤੂੰ ਮਕਈ ਤੋਂ ਉਡਾਵੇਂ ਕਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਤੂੰ ਕਰੇਂ ਕਿਰਤ ਗੈਰ ਮੌਜਾਂ ਮਾਣਦੇ,
ਪਲਨ ਤੇਰੇ ਸਿਰ ਵੇਹਲੜ ਜਹਾਨ ਦੇ,
ਵੇਖਣ ਡਾਨਸ ਸੈਨਮੇਂ ਸੁਣਨ ਰਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਜੇਹੜੇ ਬਾਹਰ ਕੋਠੀ ਚੋਂ ਨਾ ਝਾਤ ਪਾਂਵਦੇ,
ਸਾਬਣ ਤੇਲ ਵੈਸਲੀਨਾ ਲਾਕੇ ਨਹਾਂਵਦੇ,
ਤੈਨੂੰ ਸਿਰ ਨਹੌਣ ਨੂੰ ਲਭੇ ਨਾ ਲਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਤੂੰ ਗਲ ਪਾਵੇਂ ਨਿਤ ਬੁਕ ਲੀਰਾਂ ਦੇ,
ਨਵੇਂ ਸੂਰਜ ਬਦਲਨ ਕਪੜ ਅਮੀਰਾਂ ਦੇ,
ਸਿਟ ਦੇ ਨੇ ਲਾਹਕੇ ਜਦੋਂ ਲਗੇ ਦਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਤੇਰੇ ਲਈ ਜਟਾ ਕੁਲੀਆਂ ਨਕਾਰੀਆਂ,
ਗੈਰਾਂ ਆਕੇ ਕਿਤੋਂ ਹੈਨ ਮੱਲਾਂ ਮਾਰੀਆਂ,
ਬੰਗਲੇ ਪਵਾਏ ਲਾਹਮੀਂ ਲਾਏ ਬਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਮੁਆਮਲੇ ਦੇ ਹਥੋਂ ਜਦ ਤੰਗ ਔਨਾਏਂ,
ਧੀਆਂ ਭੈਣਾ ਵੇਚਕੇ ਝਟ ਲੰਘੌਨਾਏਂ,
ਓਸ ਵੇਲੇ ਲੜੇ ਕਾਲਜੇ ਨੂੰ ਨਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।

ਰੋਹਬ ਗੈਰਾਂ ਦੇ ਹੁਣ ਮੈਥੋਂ ਨਹੀਂ ਉਠਾਈ ਦੇ,
ਠੁੱਡੇ ਵ੍ਹੇਹਲੜਾਂ ਦੇ ਨਿਤ ਨਹੀਂ ਖਾਈ ਦੇ,
ਆਖ ਗੈਰਾਂ ਤਾਈਂ ਐਥੋਂ ਜਾਣ ਭਾਗ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।
ਐਥੋਂ "ਕਰਤਾਰ" ਗੈਰ ਕੂਚ ਕਰਨਗੇ,
ਹਥੀਂ ਜੋ ਕਮੌਣਗੇ ਓਹ ਢਿਡ ਭਰਨਗੇ,
ਕਿਸਾਨਾ ਵਿਹਲੜਾਂ ਨੂੰ ਗੋਲੀ ਨਾਲ ਦਾਗ਼ ਓਏ।
ਜਾਗ ਹੁਣ ਹਿੰਦੀਆ ਕਿਸਾਨਾ ਜਾਗ ਓਏ।

—o—

## ਵਾਹ ਜੀ ਵਾਹ ! ਸੋਹਣੇ ਸ੍ਰਦਾਰ ਭਗਤ ਸਿੰਘ

ਸੀ ਕੌਮ ਦਾ ਗਮਖਾਰ ਤਾਂ ਸਰਦਾਰ ਭਗਤ ਸਿੰਘ,
ਹੋਇਆ ਮੁਲਕ ਤੋਂ ਨਸਾਰ ਤਾਂ ਸ੍ਰਦਾਰ ਭਗਤ ਸਿੰਘ,

ਦੇਸ਼ ਸੇਵਾ ਵਾਸਤੇ ਸਿਰ ਸੀ ਕਟਾ ਲਿਆ,
ਮੂੰਹੋਂ ਨ ਕੀਤਾ ਉਫ ਦਾ ਇਜ਼ਹਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਦੇਸ਼ ਪਿਛੇ ਤਿਖੀ ਸੂਲੀ ਉਤੇ ਚੜ੍ਹ ਕੇ,
ਭਾਂਬੜ ਜ਼ੁਲਮ ਵਾਲੇ ਵਿਚ ਸੜ ਕੇ,
ਸ਼ਹੀਦਾਂ ਵਾਲੀ ਕਤਲਗਾਹ ਵਿਚ ਵੜ ਕੇ,
ਸੀਸ ਦਿਤਾ ਆਪਣਾ ਸੀ ਵਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

ਰਖਿਆ ਨ ਦਿਲ ਵਿਚ ਖੌਫ ਮਣਨ ਦਾ,
ਸੀ ਖਿਆਲ ਇਕ ਹਿੰਦ ਨੂੰ ਆਜ਼ਾਦ ਕਰਨ ਦਾ,
ਤੇ ਦਾਮਨ ਸ਼ਹਾਦਤ ਦੇ ਨਾਲ ਭਰਨ ਦਾ,
ਇਹਾ ਲੈ ਖਿਆਲ ਹੋਯਾ ਤਯਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਘਰ ਛਡ ਜਿਹਲ ਨੂੰ ਖਾਨਾ ਬਣਾ ਲਿਆ,
ਬਲਿਹਾਰ ਤੇਰੇ ਹੌਸਲੇ ਤੋਂ ਕਰਮਾਂ ਵਾਲਿਆ,
ਵਤਨ ਲਈ ਫਾਂਸੀ ਦਾ ਗਲ ਰੱਸਾ ਪਾ ਲਿਆ,
ਹਦੋਂ ਵਧ ਕੀਤਾ ਉਪਕਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਹਿੰਦ ਨੂੰ ਗੁਲਾਮ ਜਦੋਂ ਤੂੰ ਤਕਾਇਆ ਸੀ,
ਸੀਸ ਵਾਰ ਸਿਰੋਂ ਤੂੰ ਫਰਜ਼ ਲਾਹਿਆ ਸੀ,
ਮੁਲਕ ਨੂੰ ਸ਼ਹੀਦੀਆਂ ਦਾ ਰਾਹ ਵਖਾਇਆ ਸੀ,
ਤੈਥੋਂ ਲਖ ਵਾਰ ਬਲਿਹਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਕੀਤਾ ਜੋ ਤੂੰ ਕੰਮ ਨਹੀਂ ਕਦੇ ਭੀ ਭੁਲਣਾ,
ਸਾਡੇ ਪਿਛੇ ਤੇਰਾ ਜਿਹਲਾਂ ਵਿਚ ਰੁਲਣਾ,
ਹਿੰਦੀਆਂ ਦੇ ਲਈ ਤੇਰਾ ਖੂਨ ਡੁਲ੍ਹਣਾ,
ਯਾਦ ਤੇਰੀ ਆਵੇ ਬਾਰ ਬਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਤੇਰੀ ਹਰ ਚਾਲ ਕਾਬਲੇ ਕਦਰ ਹੈ,
ਤੇਰੀ ਹਿੰਮਤ ਉਤੇ ਸਾਨੂੰ ਬੜਾ ਫਖਰ ਹੈ,

ਨਾਮ ਤੇਰਾ ਰੋਸ਼ਨ ਸ਼ਮਸੋ ਕਮਰ ਹੈ,
ਕਾਇਮ ਜਦੋਂ ਤੀਕ ਸੰਸਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

ਕੀਤਾ ਜੋ ਤੂੰ ਕੰਮ ਨਹੀਂ ਕਿਸੇ ਤੋਂ ਲੁਕਿਆ,
ਦੇਸ਼ ਸੇਵਾ ਕਰਦਿਆਂ ਸਰੀਰ ਮੁਕਿਆ,
ਕਿਹੜਾ ਹੈ ਉਹ ਸਿਰ ਜੋ ਤੈਨੂੰ ਨਹੀਂ ਝੁਕਿਆ,
ਸਿਜਦਾ ਤੈਨੂੰ ਕੀਤਾ ਏ ਨਰ ਨਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

ਤੈਨੂੰ ਦੁਨੀਆਂ ਤੋਂ ਜੇ ਕੋਈ ਚਾਹੇ ਮਿਟਾਵਨਾ,
ਮਿਟਨਾ ਨਹੀਂ ਤੂੰ ਓਸ ਮਿਟ ਜਾਵਨਾ,
ਨਾਮ ਤੇਰੇ ਦੁਨੀਆਂ ਤੇ ਸ਼ੁਹਰਤ ਪਾਵਨਾ,
ਮਿਟਨਾ ਨਹੀਂ ਕਦੇ ਜੀਨਹਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

ਆਜ਼ਾਦੀ ਵਾਲੀ ਹਵਾ ਦੇ ਜਦ ਬੁਲੇ ਵਗਣ ਗੇ,
ਤੇਰੀ ਚਿਤਾ ਵਾਲੀ ਜਗਾ ਮੇਲੇ ਲਗਣ ਗੇ,
ਘਿਓ ਵਾਲੇ ਦੀਵੇ ਓਸ ਥਾਂ ਤੇ ਜਗਣ ਗੇ,
ਪੂਜਾ ਤੇਰੀ ਹੋਸੀ ਨਾਲ ਪਿਆਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

ਜਦੋਂ ਹਿੰਦੁਸਤਾਨੀ ਹੋ ਆਜ਼ਾਦ ਜਾਣਗੇ,
ਤੇਰੀ ਮੜ੍ਹੀ ਉਤੇ ਫੁਲ ਜਾ ਚੜ੍ਹਾਣਗੇ,
ਭਗਤ ਸਿੰਘ ਜ਼ਿੰਦਾ ਬਾਦ ਦੇ ਨਾਹਰੇ ਲਾਣਗੇ,

ਸੁਣੇਂਗਾ ਪਿਆ ਸਾਰਾ ਸੰਸਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।
ਰਬਾ ਹੈ ਇਹਾ ਬੇਨਤੀ ਸਾਨੂੰ ਆਜ਼ਾਦ ਕਰ,
ਸ਼ਕਤ ਦਿਲਾਂ ਅੰਦਰ ਦੇਸ਼ ਸੇਵਾ ਕਰਨੀ ਭਰ,
ਝੰਡਾ 'ਕਰਤਾਰ' ਏਕਤਾ ਦਾ ਜਾਏ ਲਹਿਰ,
ਮਨਾਈਏ ਹਰ ਸਾਲ ਪਏ ਤਿਹਵਾਰ ਭਗਤ ਸਿੰਘ।
ਵਾਹ ਜੀ ਵਾਹ ਸੋਹਣੇ ਸਰਦਾਰ ਭਗਤ ਸਿੰਘ।

—o—

# ਸਿਆਸੀ ਕੈਦੀ

ਦੇਸ਼ ਦੀ ਆਜ਼ਾਦੀ ਖਾਤਰ ਕਫਸ ਵਿਚ,
ਬੈਠੇ ਹੋਏ ਕਈ ਨੌਜਵਾਨ ਨੇ।
ਤੜਪ ਆਜ਼ਾਦੀ ਦੀ ਦਿਲ ਵਿਚ ਹੈ ਪਿਨਹਾਂ,
ਮੁਲਕ ਤੋਂ ਲੂੰ ੨ ਹੋਏ ਕੁਰਬਾਨ ਨੇ।
ਕਾਸ਼ ਕਿ ਫਿਰਦੇ ਕਦੇ ਸਨ ਬਾਹਰ ਵੀ,
ਅਜ ਬੈਠੇ ਬਣੇ ਬੰਦੀਵਾਨ ਨੇ।
ਕੋਠੜੀ ਚੋਂ ਬਾਹਰ ਤਕਨ ਦਾ ਹੁਕਮ ਨਹੀਂ,
ਬਾਹਰ ਖਲੋ ਪਹਿਰੇ ਤੇ ਕਈ ਦੀਵਾਨ ਨੇ।
ਬੰਦ ਨੇ ਗੋ ਫਿਰ ਵੀ ਪੈਰੀਂ ਬੇੜੀਆਂ,
ਜਾਬਰਾਂ ਨੂੰ ਅਜੇ ਨਹੀਂ ਇਤਮੀਨਾਨ ਨੇ।
ਦਿਲ ਥੱਰਾ ਜਾਂਦਾਏ ਉਸ ਦਮ ਹਿੰਦੀਓ,
ਜਿਹਲ ਬਦਲਣ ਲਈ ਹੁੰਦੇ ਜਾਂ ਰਵਾਨ ਨੇ।

ਹਥ ਵਿਚ ਹਥਕੜੀਆਂ ਪੈਰੀਂ ਬੇੜੀਆਂ,
ਨਾਲ ਹੁੰਦੇ ਜਮ ਸੂਰਤ ਇਨਸਾਨ ਨੇ।
ਗਲ ਕਰਨੀ ਕੀ, ਦੇਖਣੇ ਦਾ ਹੁਕਮ ਨਹੀਂ,
ਐਡੇ ਹੁੰਦੇ ਸਖ਼ਤ ਹਾਇ! ਫਰਮਾਨ ਨੇ।
ਗਿਣਦੇ ਕਿਸਮਤ ਦੀਆਂ ਘੜੀਆਂ ਰਾਤ ਦਿਨ,
ਬਾਹਰ ਲਾਇ ਜੰਦਰੇ ਹੈਰਾਨ ਨੇ।
ਕਈਆਂ ਨੂੰ ਅਜ ਤੀਕ ਅਜੇ ਇਹ ਖਬਰ ਨਹੀਂ,
ਹੋ ਗਏ ਸਾਥੋਂ ਕੀ ਕੀ ਨੁਕਸਾਨ ਨੇ।
ਮਿਲਨ ਜਾਵਨ ਜੇ ਕਿਸੇ ਦੇ ਵਾਲਦੈਨ,
'ਉਸੇ ਨਹੀਂ ਮਿਲਸਕਦੇ' ਹੁੰਦੇ ਫਰਮਾਨ ਨੇ।
ਇਹ ਹਾਲਤ 'ਕਰਤਾਰ' ਉਨ੍ਹਾਂ ਦੀ ਹੈ ਜਿਹਲ ਵਿਚ,
ਸਿਰ ਜਿਨ੍ਹਾਂ ਕੀਤੇ ਮੁਲਕ ਨੂੰ ਦਾਨ ਨੇ।

—ਇਤਿ—

9-4-91 Rep(S) No-corrections
27-6-91 Rep(S)

ਕਾਮਰੇਡ ਕਰਤਾਰ ਸਿੰਘ 'ਕਰਤਾਰ' ਨੇ ਬਤੌਰ ਪਬਲਿਸ਼ਰ,

ਕਾਮਰੇਡ ਮੁਬਾਰਕ ਸਾਗਰ ਪਰਿੰਟਰ ਤੋਂ

'ਆਜ਼ਾਦ ਪ੍ਰੈਸ' ਮੇਰਠ ਵਿਚੋਂ ਛਪਵਾਈ।